ਗੁਪਤ

# ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਬੁੱਧਵਾਰ, ਮਿਤੀ 3 ਨਵੰਬਰ, 2010 ਨੂੰ 2.30 ਵਜੇ ਬਾਅਦ ਦੁਪਹਿਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਿੰਡੀਕੇਟ ਰੂਮ (ਸੈਨੇਟ ਹਾਲ ਬਿਲਡਿੰਗ) ਵਿਖੇ ਹੋਈ ਸਿੰਡੀਕੇਟ ਦੀ ਇਕੱਤਰਤਾ ਦੀ ਕਾਰਵਾਈ ।

ਹਾਜ਼ਰ:

1. ਡਾ. ਏ.ਐਸ. ਬਰਾੜ . . . (ਸਭਾਪਤੀ)
   ਵਾਈਸ-ਚਾਂਸਲਰ
2. ਡਾ. ਸੁਰਿੰਦਰ ਸਿੰਘ
   ਡੀਨ, ਅਕਾਦਮਿਕ ਮਾਮਲੇ
3. ਡਾ. ਬਰਕਤ ਅਲੀ,
   ਡੀਨ, ਲੈਂਗੂਏਜ਼ਿਜ ਫੈਕਲਟੀ
4. ਡਾ. ਰਜਿੰਦਰਜੀਤ ਕੌਰ,
   ਡੀਨ, ਲਾਅ ਫੈਕਲਟੀ
5. ਡਾ. ਸੁਖਦੇਵ ਸਿੰਘ,
   ਡੀਨ, ਲਾਈਫ ਸਾਇੰਸਜ਼ ਫੈਕਲਟੀ
6. ਡਾ. ਪਰਮਿੰਦਰ ਸਿੰਘ,
   ਪ੍ਰੋਫੈਸਰ ਅਤੇ ਮੁਖੀ, ਅੰਗਰੇਜੀ ਵਿਭਾਗ
7. ਡਾ. ਤੇਜਿੰਦਰ ਕੌਰ ਮਾਨ,
   ਪ੍ਰੋਫੈਸਰ ਅਤੇ ਮੁਖੀ, ਪੰਜਾਬੀ ਵਿਭਾਗ, ਰਿਜਨਲ ਕੈਂਪਸ, ਜਲੰਧਰ
8. ਡਾ. ਗੁਰਦੀਪ ਸਿੰਘ,
   ਪ੍ਰਿੰਸੀਪਲ, ਸੇਵਾ ਦੇਵੀ ਐਸ.ਡੀ. ਕਾਲਜ, ਤਰਨ ਤਾਰਨ
9. ਸ੍ਰੀਮਤੀ ਕਰਮਜੀਤ ਚੌਧਰੀ,
   ਪ੍ਰਿੰਸੀਪਲ, ਗੋਰਮਿੰਟ ਆਰਟਸ ਐਂਡ ਸਪੋਰਟਸ ਕਾਲਜ, ਜਲੰਧਰ
10. ਡਾ. ਐਸ.ਐਸ. ਜੌਹਲ, ਲੁਧਿਆਣਾ
11. ਸ. ਲਖਬੀਰ ਸਿੰਘ ਲੋਧੀਨੰਗਲ, ਐਮ.ਐਲ.ਏ.

12 ਡਾ. ਇੰਦਰਜੀਤ ਸਿੰਘ . . . (ਸਕੱਤਰ)
ਰਜਿਸਟਰਾਰ

ਏਜੰਡਾ ਸ਼ੁਰੂ ਕਰਨ ਤੋਂ ਪਹਿਲਾਂ ਵਾਈਸ-ਚਾਂਸਲਰ ਸਾਹਿਬ ਨੇ ਵਰਤਮਾਨ ਸਿੰਡੀਕੇਟ ਦੇ ਮੈਂਬਰ, ਜਿਨ੍ਹਾਂ ਦੀ ਮਿਆਦ ਖਤਮ ਹੋ ਚੁੱਕੀ ਹੈ, ਵੱਲੋਂ ਉਨ੍ਹਾਂ ਨੂੰ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ।

ਵਾਈਸ-ਚਾਂਸਲਰ ਸਾਹਿਬ ਨੇ ਦੱਸਿਆ ਕਿ ਡਾ. ਗੁਰਦੀਪ ਸਿੰਘ, ਸ੍ਰੀਮਤੀ ਕਰਮਜੀਤ ਕੌਰ, ਸ੍ਰੀਮਤੀ ਕੁਸਮ ਵਰਮਾ, ਪ੍ਰੋਫੈਸਰ ਵਿਰਸਾ ਸਿੰਘ ਵਲਟੋਹਾ, ਡਾ. ਦਿਨੇਸ਼ ਸ਼ਰਮਾ ਅਤੇ ਸ. ਲਖਬੀਰ ਸਿੰਘ ਲੋਧੀਨੰਗਲ ਦੀ ਸਿੰਡੀਕੇਟ ਦੇ ਮੈਂਬਰ ਵਜੋਂ ਨਵੀਂ ਨਿਯੁਕਤੀ ਹੋਈ ਹੈ। ਉਨ੍ਹਾਂ ਇੱਕਤਰਤਾ ਵਿਚ ਪਹਿਲੀ ਵਾਰ

ਸ਼ਾਮਲ ਹੋਏ ਡਾ. ਗੁਰਦੀਪ ਸਿੰਘ, ਸ੍ਰੀਮਤੀ ਕਰਮਜੀਤ ਕੌਰ ਅਤੇ ਸ. ਲਖਬੀਰ ਸਿੰਘ ਲੋਧੀਨੰਗਲ ਨੂੰ 'ਜੀ ਆਇਆਂ'

ਆਖਿਆ ਅਤੇ ਆਸ ਪ੍ਰਗਟ ਕੀਤੀ ਕਿ ਉਹ ਯੂਨੀਵਰਸਿਟੀ ਦੀ ਬਿਹਤਰੀ ਲਈ ਆਪਣਾ ਪੂਰਣ ਸਹਿਯੋਗ ਦੇਂਦੇ ਰਹਿਣਗੇ।

ਉਪਰੰਤ ਏਜੰਡੇ ਤੇ ਕਾਰਵਾਈ ਸ਼ੁਰੂ ਹੋਈ।

**ਸਿੰਡੀਕੇਟ ਦੀ ਇਕੱਤਰਤਾ ਮਿਤੀ 19.8.2010 ਦੀ ਕਾਰਵਾਈ ਦੀ ਪੁਸ਼ਟੀ ।**

1. ਵਿਚਾਰ ਉਪਰੰਤ

**ਪਾਸ ਹੋਇਆ** ਕਿ ਮਿਤੀ 19.8.2010 ਨੂੰ ਹੋਈ ਸਿੰਡੀਕੇਟ ਦੀ ਇਕੱਤਰਤਾ ਦੀ ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।

**ਸਿੰਡੀਕੇਟ ਦੀ ਇਕੱਤਰਤਾ ਮਿਤੀ 19.8.2010 ਦੇ ਨਿਰਣਿਆਂ 'ਤੇ ਕੀਤੀ ਕਾਰਵਾਈ ਨੋਟ ਕੀਤੀ ਗਈ।**

2. ਮਿਤੀ 19.8.2010 ਨੂੰ ਹੋਈ ਸਿੰਡੀਕੇਟ ਦੀ ਇਕੱਤਰਤਾ ਦੇ ਵੱਖ-ਵੱਖ ਨਿਰਣਿਆਂ 'ਤੇ ਕੀਤੀ ਕਾਰਵਾਈ **ਅੰਤਿਕਾ** ਅਨੁਸਾਰ ਨੋਟ ਕੀਤੀ ਗਈ ।

**ਸਬੰਧਤ ਵਿਭਾਗਾਂ ਦੇ ਮੁਖੀ ਵਜੋਂ ਨਿਯੁਕਤੀ ।**

3. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 21 ਉੱਤੇ ਦਰਜ ਸਟੈਚਿਊਟ 3 ਅਧੀਨ ਹੇਠ ਲਿਖੇ ਅਧਿਆਪਕਾਂ ਨੂੰ, ਹਰੇਕ ਅੱਗੇ ਦਰਸਾਏ ਅਨੁਸਾਰ, ਸਬੰਧਤ ਵਿਭਾਗ ਦਾ ਮੁਖੀ ਨਿਯੁਕਤ ਕੀਤਾ ਜਾਂਦਾ ਹੈ:-

| ਕ੍ਰਮ ਨੰ: | ਨਾਮ ਅਤੇ ਅਹੁਦਾ | ਵਿਭਾਗ | ਮੁਖੀ ਵਜੋਂ ਨਿਯੁਕਤੀ ਦਾ ਸਮਾਂ |
|---|---|---|---|
| 1. | ਡਾ. ਸੁਖਦੇਵ ਸਿੰਘ, ਰੀਡਰ | ਸਰੀਰਕ ਸਿਖਿਆ (ਟੀਚਿੰਗ) | 1.1.2011 ਤੋਂ ਤਿੰਨ ਸਾਲ |
| 2. | ਸ੍ਰੀ ਬਲਵਿੰਦਰ ਸਿੰਘ, ਰੀਡਰ | ਗੁਰੂ ਰਾਮਦਾਸ ਸਕੂਲ ਆਫ ਪਲਾਨਿੰਗ | - ਉਹੀ - |

**ਸ੍ਰੀ ਸੁਭਾਸ਼ ਚੰਦਰ ਸ਼ਰਮਾ, ਆਫੀਸਰ ਆਨ ਸਪੈਸ਼ਲ ਡਿਊਟੀ, ਅਮਰਦੀਪ ਸੈਕੰਡਰੀ ਸਕੂਲ, ਮੁਕੰਦਪੁਰ ਦੀ ਨਿਯੁਕਤੀ ਦੀ ਮਿਆਦ ਵਿਚ ਵਾਧੇ ਦੀ ਪੁਸ਼ਟੀ।**

4. ਵਿਚਾਰ ਉਪਰੰਤ

**ਪਾਸ ਹੋਇਆ** ਕਿ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ੍ਰੀ ਸੁਭਾਸ਼ ਚੰਦਰ ਸ਼ਰਮਾ, ਆਫੀਸਰ ਆਨ ਸਪੈਸ਼ਲ ਡਿਊਟੀ, ਅਮਰਦੀਪ ਸੈਕੰਡਰੀ ਸਕੂਲ, ਮੁਕੰਦਪੁਰ ਦੀ ਨਿਯੁਕਤੀ ਦੀ ਮਿਆਦ ਵਿਚ ਮਿਤੀ 1.10.2010 ਤੋਂ ਛੇ ਮਹੀਨੇ ਲਈ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਤੇ ਵਾਧਾ ਕੀਤਾ ਹੈ।

**ਮਿਸ. ਦਿਵਜੋਤ ਕੌਰ, ਲੈਕਚਰਾਰ ਆਨ ਕੰਟ੍ਰੈਕਟ ਬੇਸਿਜ਼ ਦੀ ਤਨਖਾਹ ਵਿਚ ਵਾਧੇ ਦੀ ਪੁਸ਼ਟੀ।**

5. ਵਿਚਾਰ ਉਪਰੰਤ

**ਪਾਸ ਹੋਇਆ** ਕਿ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਕੰਟ੍ਰੈਕਟ ਅਧਾਰ ਤੇ ਕੰਮ ਕਰ ਰਹੇ ਲੈਕਚਰਾਰਾਂ ਦੀ ਤਰ੍ਹਾਂ ਮਿਸ. ਦਿਵਜੋਤ ਕੌਰ, ਲੈਕਚਰਾਰ ਇਨ ਜੋਗਰਾਫੀ, ਸੈਂਟਰ ਆਫ ਪ੍ਰੈਪਰੇਸ਼ਨ ਫਾਰ ਕੰਪੀਟੀਟਿਵ ਐਗਜ਼ਾਮੀਨੇਸ਼ਨਜ਼ ਦੀ ਤਨਖਾਹ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ

ਤੇ ਮਿਤੀ 15.7.2010 ਤੋਂ 14000/- ਰੁਪਏ ਪ੍ਰਤੀ ਮਹੀਨਾ ਤੋਂ ਵਧਾ ਕੇ 20000/- ਰੁਪਏ ਪ੍ਰਤੀ ਮਹੀਨਾ ਨਿਸ਼ਚਿਤ ਕੀਤੀ ਹੈ।

ਸ੍ਰੀ ਇੰਦਰਜੀਤ ਬਾਵਾ (ਸੇਵਾ ਮੁਕਤ), ਡਿਪਟੀ ਡਾਇਰੈਕਟਰ ਸਪੋਰਟਸ ਵਿਭਾਗ ਦੀ ਕੰਟ੍ਰੈਕਟ ਨਿਯੁਕਤੀ ਦੀ ਪੁਸ਼ਟੀ।

6. ਵਿਚਾਰ ਉਪਰੰਤ

**ਪਾਸ ਹੋਇਆ** ਕਿ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ੍ਰੀ ਇੰਦਰਜੀਤ ਬਾਵਾ (ਸੇਵਾ-ਮੁਕਤ), ਡਿਪਟੀ ਡਾਇਰੈਕਟਰ ਸਪੋਰਟਸ ਵਿਭਾਗ ਨੂੰ ਹਾਜ਼ਰ ਹੋਣ ਦੀ ਮਿਤੀ ਤੋਂ ਕੰਟ੍ਰੈਕਟ ਆਧਾਰ ਤੇ ਇਕ ਸਾਲ ਲਈ ਉਕਤ ਵਿਭਾਗ ਵਿਖੇ ਆਫੀਸਰ-ਆਨ-ਸਪੈਸ਼ਲ ਡਿਊਟੀ ਵਜੋਂ ਨਿਯੁਕਤ ਕੀਤਾ ਹੈ। ਉਨ੍ਹਾਂ ਦੀ ਤਨਖਾਹ ਨਿਯਮਾਂ ਅਨੁਸਾਰ ਨਿਸ਼ਚਿਤ ਕੀਤੀ ਜਾਵੇਗੀ।

ਸ੍ਰੀ ਬਲਬੀਰ ਸਿੰਘ, ਫੋਰਮੈਨ(ਮਕੈਨੀਕਲ) ਦੀ ਕੰਟ੍ਰੈਕਟ ਅਧਾਰ ਤੇ ਮੁੜ ਨਿਯੁਕਤੀ ਦੀ ਪੁਸ਼ਟੀ।

7. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ੍ਰੀ ਬਲਬੀਰ ਸਿੰਘ, ਫੋਰਮੈਨ (ਮਕੈਨੀਕਲ), ਉਸਾਰੀ ਵਿਭਾਗ ਨੂੰ 10000/- ਰੁਪਏ ਮਾਸਿਕ ਬੱਝਵੀਂ ਤਨਖਾਹ ਤੇ ਹਾਜਰ ਹੋਣ ਦੀ ਮਿਤੀ ਤੋਂ 6 ਮਹੀਨੇ ਲਈ ਜਾਂ ਅਸਾਮੀ ਬਕਾਇਦਾ ਭਰੇ ਜਾਣ ਤੱਕ, ਜੋ ਵੀ ਪਹਿਲਾਂ ਹੋਵੇ, ਬਤੌਰ ਫੋਰਮੈਨ(ਮਕੈਨੀਕਲ) ਵਜੋਂ ਕੰਟ੍ਰੈਕਟ ਅਧਾਰ ਤੇ ਮੁੜ ਨਿਯੁਕਤ ਕੀਤਾ ਹੈ।

ਸਬੰਧਤ ਵਿਅਕਤੀਆਂ ਨੂੰ ਵਿਦੇਸ਼ ਵਿਖੇ ਕਾਨਫ੍ਰੰਸ ਵਿਚ ਭਾਗ ਲੈਣ ਲਈ ਵਿਤੀ ਸਹਾਇਤਾ ਦੀ ਪੁਸ਼ਟੀ।

8. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ-

(ੳ) ਡਾ. ਲਖਵੰਤ ਸਿੰਘ, ਪ੍ਰੋਫੈਸਰ, ਫਿਜਿਕਸ ਵਿਭਾਗ ਨੂੰ Hermosilo, Mexico ਵਿਖੇ ਮਿਤੀ 4-8 ਅਕਤੂਬਰ, 2010 ਨੂੰ ਹੋ ਰਹੀ "Ist International Conference on New Trends in Luminescence and Phosphor Materials" ਵਿਚ ਭਾਗ ਲੈਣ ਲਈ ਖਰਚੇ ਦਾ 50% ਜਾਂ 40000/- ਰੁਪਏ, ਜੋ ਵੀ ਘੱਟ ਹੋਵੇ, ਯੂ.ਜੀ.ਸੀ. ਦੀ 16 Merged Schemes ਅਧੀਨ ਪ੍ਰਾਪਤ ਹੋਣ ਵਾਲੀ ਗ੍ਰਾਂਟ ਵਿਚੋਂ ਵਿਤੀ ਸਹਾਇਤਾ ਪਰਦਾਨ ਕੀਤੀ ਹੈ।

(ਅ) ਡਾ. ਕਮਲੇਸ਼ ਸਿੰਘ ਦੁੱਗਲ, ਰੀਡਰ, ਜਰਨਿਲਿਜ਼ਮ ਤੇ ਮਾਸ ਕਮਿਊਨੀਕੇਸ਼ਨ ਵਿਭਾਗ, ਰਿਜਨਲ ਕੈਂਪਸ, ਜਲੰਧਰ ਨੂੰ University of Mauritius, Reduit, Mauritius ਵਿਖੇ ਮਿਤੀ 16-18 ਸਤੰਬਰ, 2010 ਨੂੰ ਹੋਈ "3rd International Congress of Environment Research" ਵਿਚ ਭਾਗ ਲੈਣ ਲਈ ਖਰਚੇ ਦਾ 50% ਜਾਂ 40000/- ਰੁਪਏ, ਜੋ ਵੀ ਘੱਟ ਹੋਵੇ, ਯੂ.ਜੀ.ਸੀ. ਦੀ 16 Merged Schemes ਅਧੀਨ ਪ੍ਰਾਪਤ ਹੋਣ ਵਾਲੀ ਗ੍ਰਾਂਟ ਵਿਚੋਂ ਵਿਤੀ ਸਹਾਇਤਾ ਪਰਦਾਨ ਕੀਤੀ ਹੈ।

(ੲ) ਡਾ. ਅਰਵਿੰਦਰ ਕੌਰ, ਰੀਡਰ, ਜ਼ੁਆਲੌਜੀ ਵਿਭਾਗ ਨੂੰ Xalapa, veracruz, Mexico ਵਿਖੇ ਮਿਤੀ 5-10 ਸਤੰਬਰ, 2010 ਨੂੰ ਹੋਈ "9th International Symposium on Earthworm Ecology" ਵਿਚ ਭਾਗ ਲੈਣ ਲਈ ਖਰਚੇ ਦਾ 50% ਜਾਂ 40000/- ਰੁਪਏ, ਜੋ ਵੀ ਘੱਟ ਹੋਵੇ, ਯੂ.ਜੀ.ਸੀ. ਦੀ 16 Merged Schemes ਅਧੀਨ ਪ੍ਰਾਪਤ ਹੋਣ ਵਾਲੀ ਗ੍ਰਾਂਟ ਵਿਚੋਂ ਵਿਤੀ ਸਹਾਇਤਾ ਪਰਦਾਨ ਕੀਤੀ ਹੈ।

(ਸ) ਡਾ. ਏ.ਜੇ.ਐਸ. ਭੰਵਰ, ਪ੍ਰੋਫੈਸਰ, ਹਿਊਮਨ ਜੈਨੇਟਿਕਸ ਵਿਭਾਗ ਨੂੰ

Washington, DC, USA ਵਿਖੇ ਮਿਤੀ 2-6 ਨਵੰਬਰ, 2010 ਨੂੰ ਹੋ ਰਹੀ International Conference on "60th Annual Meeting of the The American Society of Human Genetics" ਵਿਚ ਭਾਗ ਲੈਣ ਲਈ ਖਰਚੇ ਦਾ 50% ਜਾਂ 40,000/- ਰੁਪਏ ਜੋ ਵੀ ਘੱਟ ਹੋਵੇ, ਯੂ.ਜੀ.ਸੀ. ਦੀ 16 Merged Schemes ਅਧੀਨ ਪ੍ਰਾਪਤ ਹੋਣ ਵਾਲੀ ਗ੍ਰਾਂਟ ਵਿਚੋਂ ਵਿਤੀ ਸਹਾਇਤਾ ਪਰਦਾਨ ਕੀਤੀ ਹੈ।

ਸਬੰਧਤ ਵਿਦਿਆਰਥੀਆਂ ਨੂੰ ਲੇਟ ਫੀਸ ਨਾਲ ਦਾਖਲੇ ਦੀ ਪੁਸ਼ਟੀ।

9. ਵਿਚਾਰ ਉਪਰੰਤ

**ਪਾਸ ਹੋਇਆ** ਕਿ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਐਲ.ਐਲ.ਐਮ. ਸਮੈਸਟਰ ਪਹਿਲਾ ਵਿਚ ਹੇਠ ਲਿਖੇ ਵਿਦਿਆਰਥੀਆਂ ਨੂੰ 5000/- ਰੁਪਏ ਲੇਟ ਫੀਸ ਨਾਲ ਦਾਖਲੇ ਦੀ ਪਰਵਾਨਗੀ ਦਿੱਤੀ ਹੈ:-

| ਕ੍ਰਮ ਨੰ: | ਨਾਮ |
|---|---|
| 1. | ਸ਼੍ਰੀ ਸ਼ਾਇਨ ਥੋਮਸ |
| 2. | ਮਿਸ ਮਨਪ੍ਰੀਤ ਕੌਰ |

ਕਿਰਨਦੀਪ ਕੌਰ ਨੂੰ ਐਲ.ਐਲ.ਬੀ. ਪੰਜਵੇਂ ਸਮੈਸਟਰ ਵਿਚ ਦਾਖਲੇ ਦੀ ਪੁਸ਼ਟੀ।

10. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਕਿਰਨਦੀਪ ਕੌਰ ਨੂੰ ਐਲ.ਐਲ.ਬੀ. ਪੰਜਵੇਂ ਸਮੈਸਟਰ ਵਿਚ ਬਣਦੀ ਫੀਸ ਤੋਂ ਇਲਾਵਾ 5000/- ਰੁਪਏ ਲੇਟ ਫੀਸ ਸਹਿਤ ਦਾਖਲੇ ਦੀ ਪਰਵਾਨਗੀ ਦਿੱਤੀ ਹੈ।

**Credit Based Evaluation System** ਅਧੀਨ ਵੱਖ-ਵੱਖ ਕੋਰਸਾਂ ਦੇ ਅਧਿਆਦੇਸ਼ਾਂ ਦੀ ਪਰਵਾਨਗੀ ।

11. ਅਕਾਦਮਿਕ ਕੌਂਸਲ ਦੀ ਇਕੱਤਰਤਾ ਮਿਤੀ 20.11.2009 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਬੰਧਤ ਬੋਰਡ ਆਫ ਕੰਟਰੋਲ ਦੇ ਚੇਅਰਮੈਨ ਅਤੇ ਡੀਨ, ਫੈਕਲਟੀ ਵੱਲੋਂ Credit Based Evaluation System ਅਧੀਨ ਸੈਸ਼ਨ 2010-11 ਤੋਂ ਸੁਝਾਏ ਹੇਠ ਲਿਖੇ ਕੋਰਸਾਂ ਦੇ ਅਧਿਆਦੇਸ਼ **ਅੰਤਿਕਾਵਾਂ** ਅਨੁਸਾਰ ਪਰਵਾਨ ਕੀਤੇ ਜਾਂਦੇ ਹਨ:-

1. MCA
2. M.Tech. (Computer Sc. & Engg.)
3. B.Tech. (Computer Sc. & Engg.)
4. MCA (Software Systems)
5. MCA (5 Years & 6 months integrated programme)

ਵੱਖ-ਵੱਖ ਬਾਡੀਜ਼/ਕਮੇਟੀਆਂ ਵਿਚ ਭਾਗ ਲੈਣ ਵਾਲੇ ਮੈਂਬਰਾਂ/ ਵਿਸ਼ੇਸ਼ਗਾਂ ਦੇ ਰਿਫਰੈਸ਼ਮੈਂਟ ਦਰਾਂ ਵਿਚ

12. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਵੱਖ-ਵੱਖ ਬਾਡੀਜ਼/ ਕਮੇਟੀਆਂ ਵਿਚ ਭਾਗ ਲੈਣ ਵਾਲੇ ਮੈਂਬਰਾਂ/ ਵਿਸ਼ੇਸ਼ਗਾਂ ਦੇ ਰਿਫਰੈਸ਼ਮੈਂਟ ਦਰਾਂ ਵਿਚ 10/- ਰੁ. ਪ੍ਰਤੀ ਵਿਅਕਤੀ ਤੋਂ 20/- ਰੁ. ਪ੍ਰਤੀ ਵਿਅਕਤੀ ਤੱਕ ਵਾਧਾ ਕੀਤਾ ਜਾਂਦਾ ਹੈ ਕਿਉਂਜੋ ਮਹਿੰਗਾਈ ਕਾਰਣ

ਵਾਧਾ ।

ਖਾਣ-ਪੀਣ ਦੀਆਂ ਵਸਤਾਂ ਦੇ ਦਰ ਪਹਿਲਾਂ ਨਾਲੋਂ ਕਾਫੀ ਵੱਧ ਗਏ ਹਨ।

**ਸਮੈਸਟਰ ਪ੍ਰਣਾਲੀ ਅਧੀਨ ਪੜ੍ਹ ਰਹੇ ਵਿਦਿਆਰਥੀਆਂ ਕੋਲੋਂ ਲਈ ਜਾਣ ਵਾਲੀ ਪ੍ਰੀਖਿਆ ਫੀਸ/ਪ੍ਰੈਕਟੀਕਲ ਫੀਸ ਵਿਚ ਛੋਟ ।**

13. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਮੈਸਟਰ ਪ੍ਰਣਾਲੀ ਅਧੀਨ ਪੜ੍ਹ ਰਹੇ ਵਿਦਿਆਰਥੀਆਂ ਕੋਲੋਂ ਲਈ ਜਾਣ ਵਾਲੀ ਪ੍ਰੀਖਿਆ ਫੀਸ/ਪ੍ਰੈਕਟੀਕਲ ਫੀਸ ਵਿਚ ਛੋਟ ਦੇਣ ਸਬੰਧੀ ਵਿਚਾਰ ਹਿਤ ਵਾਈਸ-ਚਾਂਸਲਰ ਸਾਹਿਬ ਵਲੋਂ ਗਠਿਤ ਕਮੇਟੀ ਦੀ ਮਿਤੀ 1.9.2010 ਦੀ ਸਿਫਾਰਸ਼ **ਅੰਤਿਕਾ** ਅਨੁਸਾਰ ਪਰਵਾਨ ਕੀਤੀ ਜਾਂਦੀ ਹੈ।।

**ਬੀ.ਟੈਕ. (ਇਲੈਕਟ੍ਰੋਨਿਕਸ ਕਮਿਊਨੀਕੇਸ਼ਨ ਸਿਸਟਮਜ਼) ਦਾ ਨਾਂ ਬਦਲ ਕੇ ਬੀ.ਟੈਕ. (ਇਲੈਕਟ੍ਰੋਨਿਕਸ ਕਮਿਊਨੀਕੇਸ਼ਨ ਸਿਸਟਮਜ਼ ਇੰਜੀਨੀਅਰਿੰਗ) ਕਰਨ ਦੀ ਪਰਵਾਨਗੀ।**

14. ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 20.11.2009 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਬੰਧਤ ਪਾਠ ਸਿੱਖਿਆ ਬੋਰਡ ਦੇ ਚੇਅਰਪਰਸਨ ਅਤੇ ਡੀਨ, ਫੈਕਲਟੀ ਵੱਲੋਂ ਦਿੱਤੇ ਸੁਝਾਅ ਅਨੁਸਾਰ ਸੈਸ਼ਨ 2008-09 ਤੋਂ ਬੀ.ਟੈਕ. (ਇਲੈਕਟ੍ਰੋਨਿਕਸ ਕਮਿਊਨੀਕੇਸ਼ਨ ਸਿਸਟਮਜ਼) ਦਾ ਨਾਂ ਬਦਲ ਕੇ ਬੀ.ਟੈਕ. (ਇਲੈਕਟ੍ਰੋਨਿਕਸ ਕਮਿਊਨੀਕੇਸ਼ਨ ਸਿਸਟਮਜ਼ ਇੰਜੀਨੀਅਰਿੰਗ) ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

**ਸਬੰਧਤ ਵਿਦਿਆਰਥੀਆਂ ਨੂੰ ਵਿਸ਼ੇਸ਼ ਜੁਰਮਾਨੇ ਸਹਿਤ ਪ੍ਰੋਜੈਕਟ ਰਿਪੋਰਟ/ਖੋਜ ਨਿਬੰਧ ਜਮ੍ਹਾਂ ਕਰਾਉਣ ਦੀ ਪਰਵਾਨਗੀ ।**

15. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਵਿਦਿਆਰਥੀ, ਜੋ ਨਿਸ਼ਚਿਤ ਸਮੇਂ ਅੰਦਰ ਆਪਣੀ ਪ੍ਰੋਜੈਕਟ ਰਿਪੋਰਟ/ਖੋਜ ਨਿਬੰਧ ਜਮ੍ਹਾਂ ਨਹੀਂ ਕਰਵਾ ਸਕੇ, ਨੂੰ ਬਣਦੀ ਲੇਟ ਫੀਸ ਤੋਂ ਇਲਾਵਾ 10000/- ਰੁਪਏ ਜੁਰਮਾਨੇ ਸਹਿਤ, ਉਨ੍ਹਾਂ ਸਾਹਮਣੇ ਦਰਸਾਏ ਵੇਰਵੇ ਅਨੁਸਾਰ ਸਿੰਡੀਕੇਟ ਦੀ ਇੱਕਤਰਤਾ ਦੀ ਮਿਤੀ ਤੋਂ 90 ਦਿਨਾਂ ਦੇ ਅੰਦਰ-ਅੰਦਰ ਪ੍ਰੋਜੈਕਟ ਰਿਪੋਰਟ/ਖੋਜ ਨਿਬੰਧ ਜਮ੍ਹਾਂ ਕਰਾਉਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| ਕ੍ਰਮ ਨੰ: | ਨਾਮ | ਕਲਾਸ ਅਤੇ ਰੋਲ ਨੰ: | ਪ੍ਰੋਜੈਕਟ ਰਿਪੋਰਟ/ ਖੋਜ ਨਿਬੰਧ ਜਮ੍ਹਾਂ ਕਰਨ ਦੀ ਨਿਰਧਾਰਤ ਮਿਤੀ |
|---|---|---|---|
| 1. | ਨੀਤੂ | ਐਮ.ਬੀ.ਈ. ਚੌਥਾ ਸਮੈਸਟਰ 883126 | 31.3.2010 |
| 2. | ਅਬੀਸ਼ੇਕ | ਐਮ.ਬੀ.ਈ. ਚੌਥਾ ਸਮੈਸਟਰ 883133 | - ਉਹੀ - |
| 3. | ਕਰਮਜੀਤ ਸਿੰਘ | ਐਮ.ਬੀ.ਏ. (ਆਨਰਜ਼) ਫਿਨਾਂਸ਼ੀਅਲ ਸਰਵਿਸਜ਼ 880772 | - ਉਹੀ - |
| 4. | ਮਨਿੰਦਰ ਕੌਰ | ਐਮ.ਐਸ.ਸੀ. (ਆਨਰਜ਼ ਸਕੂਲ ) ਇਕਨਾਮਿਕਸ 872023 | 11.7.2009 |
| 5. | ਰਵੀਜੋਤ ਸਿੰਘ | ਐਮ.ਬੀ.ਏ. ਚੌਥਾ ਸਮੈਸਟਰ 874028 | 31.3.2009 |

ਡਿਸਟੈਂਸ ਐਜੂਕੇਸ਼ਨ ਅਧੀਨ ਸਥਾਪਤ ਐਸੋਸੀਏਟ ਇੰਸਟੀਚਿਊਟਸ ਵਿਚ ਚਲ ਰਹੇ ਕੋਰਸਾਂ ਵਿਚ ਦਾਖਲੇ ਸਬੰਧੀ।

16. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਮੈਨੇਜਮੈਂਟ ਐਸੋਸੀਏਸ਼ਨ ਆਫ ਐਸੋਸੀਏਟ ਕਾਲਜਿਜ਼ ਆਫ ਪੰਜਾਬ ਦੀ ਵਾਈਸ-ਚਾਂਸਲਰ ਸਾਹਿਬ ਨਾਲ ਮਿਤੀ 11.8.2010 ਨੂੰ ਹੋਈ ਇੱਕਤਰਤਾ ਵਿਚ ਹੇਠ ਲਿਖੇ ਅਨੁਸਾਰ ਨਿਰਣਾ ਲਿਆ ਹੈ:-

> "In cases where criteria of 40% enrollment has not been met, Institutes be allowed to continue with the course with upto two students short of the requirement (e.g. if the 40% of the allotted unit is 12 then the Institute can continue the course with 10 students). But in such cases it will be mandatory on the institute to remit to the University 50% of the student fee of the number of students falling short of the 40% figure."

ਬੋਟੈਨੀਕਲ ਤੇ ਇਨਵਾਇਰਨਮੈਂਟਲ ਸਾਇੰਸਜ਼ ਵਿਭਾਗ ਵਿਖੇ ਨਕਾਰਾ ਅਤੇ ਨਾ-ਮੁਰੰਮਤ ਯੋਗ ਯੰਤਰ ਵੱਟੇ ਖਾਤੇ ਪਾਉਣ ਦੀ ਪਰਵਾਨਗੀ।

17. ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਬੋਟੈਨੀਕਲ ਤੇ ਇਨਵਾਇਰਨਮੈਂਟਲ ਸਾਇੰਸਜ਼ ਵਿਭਾਗ ਵਿਖੇ ਵੱਖ-ਵੱਖ ਸਮੇਂ ਖ੍ਰੀਦੇ 339929/- ਰੁਪਏ ਕੀਮਤ ਦੇ ਯੰਤਰ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਮੁਰੰਮਤ ਯੋਗ ਹੋ ਚੁੱਕੇ ਹਨ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 130 ਉੱਤੇ ਸਟੈਚਿਊਟ 26(a) (5) ਅਧੀਨ ਵੱਟੇ-ਖਾਤੇ ਪਾਉਣ ਲਈ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀਆਂ ਮਿਤੀ 19.8.2010 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

(ਅ) ਉਕਤ ਯੰਤਰਾਂ ਨੂੰ ਸਟੈਚਿਊਟ 26(b) (5) ਅਧੀਨ Public auction ਰਾਹੀਂ ਜਾਂ ਸੀਲਡ ਟੈਂਡਰ ਮੰਗਵਾ ਕੇ ਸਬੰਧਤ ਕਮੇਟੀ ਦੁਆਰਾ dispose off ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਮੋਲੀਕਿਊਲਰ ਬਿਆਲੋਜੀ ਅਤੇ ਬਾਇਓ-ਕੈਮਿਸਟਰੀ ਵਿਭਾਗ ਵਿਖੇ ਨਕਾਰਾ ਅਤੇ ਨਾ-ਮੁਰੰਮਤ ਯੋਗ ਯੰਤਰ ਵੱਟੇ ਖਾਤੇ ਪਾਉਣ ਦੀ ਪਰਵਾਨਗੀ।

18. ਵਿਚਾਰ ਉਪਰੰਤ

**ਪਾਸ ਹੋਇਆ** ਕਿ ਮੋਲੀਕਿਊਲਰ ਬਿਆਲੋਜੀ ਅਤੇ ਬਾਇਓ-ਕੈਮਿਸਟਰੀ ਵਿਭਾਗ ਵਿਖੇ ਵੱਖ-ਵੱਖ ਸਮੇਂ ਖ੍ਰੀਦੇ 40179/- ਰੁਪਏ ਕੀਮਤ ਦੇ ਯੰਤਰ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਮੁਰੰਮਤ ਯੋਗ ਹੋ ਚੁੱਕੇ ਹਨ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 130 ਉੱਤੇ ਸਟੈਚਿਊਟ 26(a) (5) ਅਧੀਨ ਵੱਟੇ-ਖਾਤੇ ਪਾਉਣ ਲਈ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀਆਂ ਮਿਤੀ 16.8.2010 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਯੂਨੀਵਰਸਿਟੀ ਕੈਲੰਡਰ ਵਿਚ ਦਰਜ ਰਿਜਰਵੇਸ਼ਨ ਪਾਲਿਸੀ ਦੀ ਮੱਦ **'H'** ਵਿਚ ਸੋਧ ।

19. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਕਾਮਾਗਾਟਾ ਮਾਰੂ ਲਹਿਰ ਵਿਚ ਹਿੱਸਾ ਲੈਣ ਵਾਲੇ ਵਿਅਕਤੀਆਂ ਦੇ ਵਾਰਸਾਂ ਨੂੰ ਇਸ ਯੂਨੀਵਰਸਿਟੀ ਵਿਖੇ ਸਹੂਲਤਾਂ ਦੇਣ ਲਈ ਵਧੀਕ ਸਕੱਤਰ, ਪੰਜਾਬ ਸਰਕਾਰ, ਸੁਤੰਤਰਤਾ ਸੰਗਰਾਮੀ ਵਿਭਾਗ ਵੱਲੋਂ ਪ੍ਰਾਪਤ ਪੱਤਰ ਨੰ: 12/53/2007-10ਪੀ3/1117 ਮਿਤੀ 23.8.2010 (**ਅੰਤਿਕਾ** ਅਨੁਸਾਰ) ਨੂੰ ਮੁੱਖ ਰੱਖਦਿਆਂ ਯੂਨੀਵਰਸਿਟੀ ਕੈਲੰਡਰ 2008, ਜਿਲਦ ਦੂਜੀ ਦੇ ਪੰਨਾ 46 ਅਤੇ 48

ਉੱਤੇ

ਦਰਜ ਰਿਜਰਵੇਸ਼ਨ ਪਾਲਿਸੀ ਦੀ ਮੱਦ 'H' ਵਿਚ ਹੇਠ ਲਿਖੇ ਅਨੁਸਾਰ ਸੋਧ ਕੀਤੀ ਜਾਂਦੀ ਹੈ। ਸੋਧ ਹਿਤ ਮਾਮਲਾ ਰੈਗੂਲੇਸਨਜ਼ ਕਮੇਟੀ ਵਿਚ ਭੇਜ ਦਿੱਤਾ ਜਾਵੇ:-

| | Present | | Proposed |
|---|---|---|---|
| (H) iv | Dependents of Freedom Fighters/ Martyrs of Jallianwala Bagh & Kuka Lehar. | (H) | iv Dependents of Freedom Fighters / Martyrs of Jallianwala Bagh & Kuka Lehar/ Successors of the participants of Kama Gata Maru Lehar. |
| (H) | Children of families of persons killed as a result of terrorist violence/ by security forces acting in aid of civil power and for the children of innocent civilians who have sustained 100% disability in terrorist violence or during operation by security forces acting in aid of civil power/children of Sikh migrants/children of army deserters killed/100% physically disabled; Children/ Grand Children of Freedom Fighters including Martyrs of Jallianwala Bagh & Kuka Lehar defined to include only sons/daughters, Grandsons/ Grand-daughters (both paternal children/ Grand children and maternal) / Para-military/ Punjab Police/ PAP Personnel killed in action and Punjab Policemen decorated with Gallantary Medals. Certificates from Deputy Commissioners/ GA to DC/ADC shall be accepted. | (H) | Children of families of persons killed as a result of terrorist violence/ by security forces acting in aid of civil power and for the children of innocent civilians who have sustained 100% disability in terrorist violence or during operation by security forces acting in aid of civil power/children of Sikh migrants/children of army deserters killed/100% physically disabled; Children/ Grand Children of Freedom Fighters including Martyrs of Jallianwala Bagh & Kuka Lehar/ Successors of the participants of Kama Gata Maru Lehar defined to include only sons/ daughters, Grandsons/ Grand-daughters (both paternal children/ Grand children and maternal) / Para-military/ Punjab Police/ PAP Personnel killed in action and Punjab Policemen decorated with Gallantary Medals. Certificates from Deputy Commissioners/ GA to DC/ADC shall be accepted. |

**Medical Aid** ਦੇ ਰੈਗੂਲੇਸ਼ਨ ਵਿਚ ਸੋਧ ।

20. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਕੈਲੰਡਰ, 2007 ਜਿਲਦ ਚੌਥੀ, ਭਾਗ ਬੀ ਦੇ ਪੰਨਾ 233-34 ਉੱਤੇ ਰੈਗੂਲੇਸ਼ਨ ਚੈਪਟਰ-II (vi) Medical Aid ਅਧੀਨ ਮੈਡੀਕਲ ਬਿੱਲਾਂ ਦੀ ਪ੍ਰਤੀ-ਪੂਰਤੀ ਸਬੰਧੀ ਨਿਯਮ 3.1 ਅਤੇ 3.3 ਵਿਚ **ਅੰਤਿਕਾ** ਅਨੁਸਾਰ ਸੋਧ ਕੀਤੀ ਜਾਂਦੀ ਹੈ।

ਐਮ.ਐਡ. ਅਤੇ ਬੀ.ਐਡ. ਦੇ ਅਧਿਆਦੇਸ਼ਾਂ ਵਿਚ ਸੋਧ।

21. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਯੂਨੀਵਰਸਿਟੀ ਕੈਲੰਡਰ 2008, ਜਿਲਦ ਦੂਜੀ ਦੇ ਪੰਨਾ 358 ਅਤੇ 366 ਉੱਤੇ ਐਮ.ਐਡ. ਅਤੇ ਬੀ.ਐਡ. ਵਾਸਤੇ ਉੱਤਰ-ਪੱਤਰੀਆਂ ਲਈ medium of examination ਅਤੇ ਅੰਗਰੇਜੀ, ਪੰਜਾਬੀ ਅਤੇ ਹਿੰਦੀ ਵਿਚ ਪ੍ਰਸ਼ਨ-ਪੱਤਰ ਸੈਟ ਕਰਨ ਸਬੰਧੀ ਅਧਿਆਦੇਸ਼ਾਂ ਵਿਚ **ਅੰਤਿਕਾ** ਅਨੁਸਾਰ ਸੋਧ ਪਰਵਾਨ ਕੀਤੀ ਹੈ। ਸੋਧ ਹਿਤ ਮਾਮਲਾ ਰੈਗੂਲੇਸਨਜ਼ ਕਮੇਟੀ ਵਿਚ ਭੇਜ ਦਿੱਤਾ ਜਾਵੇ।

ਪ੍ਰੀ-ਪੀ.ਐਚ.ਡੀ. ਕੋਰਸ-ਵਰਕ ਕਰ ਰਹੇ ਵਿਦਿਆਰਥੀਆਂ ਦੀਆਂ ਰਿਟਰਨਾਂ ਭੇਜਣ ਅਤੇ ਪ੍ਰੀਖਿਆ ਫੀਸ ਆਦਿ ਨਾਲ ਸਬੰਧਤ ਕਮੇਟੀ ਦੀਆਂ ਸਿਫਾਰਸ਼ਾਂ ਦੀ ਪੁਸ਼ਟੀ।

22. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨਾਂ ਨੇ ਪ੍ਰੀ-ਪੀ.ਐਚ.ਡੀ. ਕੋਰਸ-ਵਰਕ ਕਰ ਰਹੇ ਵਿਦਿਆਰਥੀਆਂ ਦੀਆਂ ਰਿਟਰਨਾਂ ਭੇਜਣ ਅਤੇ ਪ੍ਰੀਖਿਆ ਫੀਸ ਆਦਿ ਨਾਲ ਸਬੰਧਤ ਮਾਮਲਿਆਂ ਤੇ ਵਿਚਾਰ ਹਿਤ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀਆਂ ਮਿਤੀ 3.9.2010 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਹਨ ।

ਵਿਦੇਸ਼ਾਂ ਵਿਚ ਰਹਿ ਰਹੇ ਵਿਦਿਆਰਥੀਆਂ ਕੋਲੋਂ **verification of academic qualification** ਦੀ ਫੀਸ ਵਿਦੇਸ਼ੀ ਮੁਦਰਾ ਦੀ ਬਜਾਏ ਭਾਰਤੀ ਮੁਦਰਾ ਵਿਚ ਪ੍ਰਾਪਤ ਕਰਨ ਦੀ ਪਰਵਾਨਗੀ।

23. ਵਿਚਾਰ ਉਪਰੰਤ

**ਪਾਸ ਹੋਇਆ** ਕਿ ਵਿਦੇਸ਼ਾਂ ਵਿਚ ਰਹਿ ਰਹੇ ਵਿਦਿਆਰਥੀਆਂ ਕੋਲੋਂ verification of academic qualification etc. ਦੀ ਫੀਸ ਵਿਦੇਸ਼ੀ ਮੁਦਰਾ ਦੀ ਬਜਾਏ ਭਾਰਤੀ ਮੁਦਰਾ ਦਾ 2500/- ਰੁਪਏ ਦਾ ਭਾਰਤ ਵਿਚ ਅਦਾਇਗੀ ਯੋਗ ਡਰਾਫਟ ਪ੍ਰਾਪਤ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ, ਕਿਉਂਜੋ ਵਿਦੇਸ਼ੀ ਮੁਦਰਾ ਦੇ ਡਰਾਫਟ ਨੂੰ ਭਾਰਤ ਵਿਚ ਕੈਸ਼ ਕਰਵਾਉਣ ਦਾ ਬਹੁਤ ਜਿਆਦਾ ਖਰਚਾ ਆਉਂਦਾ ਹੈ।

**Universiti Sains Malaysia ਅਤੇ Guru Nanak Dev University, Amritsar ਵਿਚ MOU ਸਬੰਧੀ।**

24. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ Universiti Sains Malaysia ਅਤੇ Guru Nanak Dev University, Amritsar ਵਿਚਕਾਰ ਪ੍ਰਸਪਰ ਅਕਾਦਮਿਕ ਸਹਿਯੋਗ ਦੇ ਵਿਕਾਸ ਅਤੇ ਆਦਾਨ-ਪ੍ਰਦਾਨ ਲਈ **ਅੰਤਿਕਾ** ਅਨੁਸਾਰ MOU ਪਰਵਾਨ ਕੀਤਾ ਜਾਂਦਾ ਹੈ।

ਮਿਸ. ਸਤਬੀਰ ਕੌਰ ਨੂੰ ਐਮ.ਏ.(ਅੰਗਰੇਜੀ) ਭਾਗ ਪਹਿਲਾ ਦੇ ਸਾਰੇ ਵਿਸ਼ਿਆਂ ਦੀ ਸਤੰਬਰ 2010 ਵਿਚ ਪ੍ਰੀਖਿਆ ਦੇਣ ਲਈ ਵਿਸ਼ੇਸ਼ ਮੌਕਾ ।

25. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਬੀ.ਬੀ.ਕੇ.ਡੀ.ਏ.ਵੀ. ਕਾਲਜ ਫਾਰ ਵੂਮੈਨ, ਅੰਮ੍ਰਿਤਸਰ ਦੀ ਵਿਦਿਆਰਥਣ- ਸਤਬੀਰ ਕੌਰ, ਜੋ ਕਿ ਇੰਟਰ ਯੂਨੀਵਰਸਿਟੀ ਦੀ ਖਿਡਾਰਣ ਹੈ ਅਤੇ ਟਾਟਾ ਨਗਰ ਵਿਖੇ ਇੰਟਰਨੈਸ਼ਨਲ ਕੰਪੀਟੀਸ਼ਨ ਵਿਚ ਭਾਗ ਲੈਣ ਕਾਰਣ ਅਪ੍ਰੈਲ 2010 ਦੀਆਂ ਐਮ.ਏ.(ਅੰਗਰੇਜੀ) ਭਾਗ ਪਹਿਲਾ ਦੀਆਂ ਪ੍ਰੀਖਿਆਵਾਂ ਨਹੀਂ ਦੇ ਸਕੀ, ਨੂੰ ਨਿਯਮਾਂ ਵਿਚ ਛੋਟ ਦੇ ਕੇ ਉਕਤ ਪ੍ਰੀਖਿਆ ਦੇ ਸਾਰੇ ਵਿਸ਼ਿਆਂ ਦੀ ਸਤੰਬਰ 2010 ਵਿਚ ਪ੍ਰੀਖਿਆ ਦੇਣ ਲਈ ਵਿਸ਼ੇਸ਼ ਮੌਕਾ ਦਿੱਤਾ ਹੈ।

ਡਾ. ਬੀ.ਐਸ. ਬਾਜਵਾ ਦੀ ਸਬੈਟੀਕਲ ਛੁੱਟੀ ਦੀ ਮਿਤੀ ਵਿਚ ਤਬਦੀਲੀ।

26. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਾ. ਬੀ.ਐਸ. ਬਾਜਵਾ, ਪ੍ਰੋਫੈਸਰ, ਫਿਜਿਕਸ ਵਿਭਾਗ, ਜਿਸ ਨੂੰ ਸਿੰਡੀਕੇਟ ਦੀ ਇੱਕਤਰਤਾ ਮਿਤੀ 19.8.2010 ਦੇ ਪੈਰਾ 44 ਰਾਹੀਂ ਕਿੰਗਸਟਨ ਯੂਨੀਵਰਸਿਟੀ, ਲੰਡਨ(ਯੂ.ਕੇ.) ਵਿਖੇ ਕਾਮਨਵੈਲਥ ਫੈਲੋਸ਼ਿਪ ਰਿਸਰਚ ਵਰਕ ਵਾਸਤੇ ਮਿਤੀ 1.10.2010 ਤੋਂ 31.3.2011 ਤੱਕ 6 ਮਹੀਨੇ ਦੀ ਸਬੈਟੀਕਲ ਛੁੱਟੀ ਦਿੱਤੀ ਗਈ ਸੀ, ਦੀ ਉਕਤ ਛੁੱਟੀ ਮਿਤੀ 1.10.2010 ਤੋਂ 31.3.2011 ਦੀ ਬਜਾਏ 5.10.2010 ਤੋਂ 31.3.2011 ਤੱਕ ਮੰਨਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ ਕਿਉਂਜੋ ਉਨ੍ਹਾਂ ਨੂੰ ਵੀਜਾ ਲੇਟ ਮਿਲਣ ਕਾਰਣ ਫਲਾਈਟ ਨਹੀਂ ਮਿਲ ਸਕੀ।

ਬੀ.ਏ.ਐਲ.ਐਲ.ਬੀ. (ਆਨਰਜ਼) (ਸਮੈਸਟਰ ਨੌਵਾਂ ਅਤੇ ਦਸਵਾਂ) ਦੇ ਵਿਦਿਆਰਥੀਆਂ ਦੇ **Moot Court Test** ਅਤੇ **Court Training** ਲਈ ਨਿਯੁਕਤ ਐਡਵੋਕੇਟਸ ਨੂੰ ਮਾਨ-ਭੱਤੇ ਦੀ ਅਦਾਇਗੀ ਦੀ ਪਰਵਾਨਗੀ।

27. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਇੱਕਤਰਤਾ ਮਿਤੀ 3.12.2009 ਦੇ ਪੈਰਾ 6 ਰਾਹੀਂ ਐਲ.ਐਲ.ਬੀ. ਆਖਰੀ ਸਾਲ (ਪੰਜਵਾਂ ਅਤੇ ਛੇਵਾਂ ਸਮੈਸਟਰ) ਦੇ ਵਿਦਿਆਰਥੀਆਂ ਦੇ Moot Court Test ਅਤੇ Court Training ਵਾਸਤੇ ਨਿਯੁਕਤ ਐਡਵੋਕੇਟਸ ਨੂੰ ਮਾਨ-ਭੱਤੇ ਦੀ ਅਦਾਇਗੀ ਸਬੰਧੀ ਲਿਆ ਗਿਆ ਨਿਰਣਾ ਬੀ.ਏ.ਐਲ.ਐਲ.ਬੀ. (ਆਨਰਜ਼) (ਸਮੈਸਟਰ ਨੌਵਾਂ ਅਤੇ ਦਸਵਾਂ) ਦੇ ਵਿਦਿਆਰਥੀਆਂ ਵਾਸਤੇ ਉਕਤ ਮੰਤਵ ਲਈ ਨਿਯੁਕਤ ਐਡਵੋਕੇਟਸ ਲਈ ਵੀ ਲਾਗੂ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਕਾਨੂੰਨ ਵਿਭਾਗ, ਫਾਰਮਾਸਿਊਟੀਕਲ ਸਾਇੰਸਜ਼ ਵਿਭਾਗ ਅਤੇ ਸਪੋਰਟਸ ਮੈਡੀਸਨ ਵਿਭਾਗ ਵਿਖੇ ਲੈਕਚਰਾਰਜ਼ ਦੀ ਭਰਤੀ ਉੱਤੇ ਲਗਾਏ 10% ਕੱਟ ਤੋਂ ਛੋਟ ਅਤੇ ਹੋਰ ਵਾਧੂ ਅਸਾਮੀਆਂ ਭਰਨ ਦੀ ਪੁਸ਼ਟੀ।

28. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸਿੰਡੀਕੇਟ ਦੀ ਇੱਕਤਰਤਾ ਮਿਤੀ 12.3.2010 ਦੇ ਪੈਰਾ ਨੰ: 29 ਰਾਹੀਂ ਯੂਨੀਵਰਸਿਟੀ ਵਿਖੇ ਵਿਤੀ ਸੰਕਟ (Financial Crunch) ਕਾਰਣ ਅਧਿਆਪਨ ਅਤੇ ਗੈਰ-ਅਧਿਆਪਨ ਦੀਆਂ 10% ਅਸਾਮੀਆਂ ਨਾ ਭਰਨ ਦੇ ਨਿਰਣੇ ਤੋਂ ਛੋਟ ਦੇਂਦਿਆਂ ਕਾਨੂੰਨ ਵਿਭਾਗ, ਫਾਰਮਾਸਿਊਟੀਕਲ ਸਾਇੰਸਜ਼ ਵਿਭਾਗ ਅਤੇ ਸਪੋਰਟਸ ਮੈਡੀਸਨ ਵਿਭਾਗ ਵਿਖੇ ਲੈਕਚਰਾਰਜ਼ ਦੀਆਂ ਸਾਰੀਆਂ ਅਸਾਮੀਆਂ ਤੋਂ ਇਲਾਵਾ ਲੋੜ ਅਨੁਸਾਰ ਹੋਰ ਵਾਧੂ ਅਸਾਮੀਆਂ ਭਰਨ ਦੀ ਪਰਵਾਨਗੀ ਦਿੱਤੀ ਹੈ, ਕਿਉਂਜੋ ਇਨ੍ਹਾਂ ਵਿਭਾਗਾਂ ਵਿਖੇ ਵਿਦਿਆਰਥੀਆਂ ਦੇ ਦਾਖਲੇ ਲਈ ਸੀਟਾਂ ਵਿਚ ਵਾਧਾ ਕੀਤਾ ਗਿਆ ਹੈ।

ਮਾਝਾ ਕਾਲਜ ਫਾਰ ਵੂਮੈਨ ਦਾ ਕੋ-ਐਜੂਕੇਸ਼ਨ ਵਜੋਂ ਰੁਤਬਾ ਰੱਦ ਕਰਕੇ ਪਹਿਲਾਂ ਵਾਲਾ ਰੁਤਬਾ ਬਰਕਰਾਰ ਰੱਖਣ ਦੀ ਪਰਵਾਨਗੀ।

29. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਮਾਝਾ ਕਾਲਜ ਫਾਰ ਵੂਮੈਨ, ਤਰਨ ਤਾਰਨ ਜਿਸ ਨੂੰ ਸਿੰਡੀਕੇਟ ਦੀ ਇੱਕਤਰਤਾ ਮਿਤੀ 23.6.2010 ਦੇ ਪੈਰਾ ਨੰ: 11 ਰਾਹੀਂ ਸੈਸ਼ਨ 2010-11 ਤੋਂ ਕੋ-ਐਜੂਕੇਸ਼ਨ ਕਰਨ ਦੀ ਪਰਵਾਨਗੀ ਦਿੱਤੀ ਗਈ ਸੀ, ਦੇ ਸਕੱਤਰ ਵੱਲੋਂ ਪ੍ਰਾਪਤ ਪੱਤਰ ਨੰ: ਸਕੱਤਰ/10/ਐਮਸੀਟ ਮਿਤੀ 29.9.2010 ਰਾਹੀਂ ਪ੍ਰਾਪਤ ਬੇਨਤੀ **ਅੰਤਿਕਾ** ਅਨੁਸਾਰ ਨੂੰ ਮੁੱਖ ਰੱਖਦਿਆਂ ਕਾਲਜ ਦਾ ਕੋ-ਐਜੂਕੇਸ਼ਨ ਵਜੋਂ ਰੁਤਬਾ ਰੱਦ ਕਰਦਿਆਂ ਸੈਸ਼ਨ 2011-12 ਤੋਂ ਉਕਤ ਕਾਲਜ ਦਾ ਪਹਿਲਾਂ ਵਾਲਾ ਰੁਤਬਾ ਭਾਵ ਮਾਝਾ ਕਾਲਜ ਫਾਰ ਵੂਮੈਨ, ਤਰਨ ਤਾਰਨ ਬਰਕਰਾਰ ਰੱਖਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਡਿਸਟੈਂਸ ਐਜੂਕੇਸ਼ਨ ਅਧੀਨ ਪੜ੍ਹ ਰਹੇ ਵਿਦਿਆਰਥੀਆਂ ਦੇ ਡਿਗਰੀਆਂ, ਡਿਪਲੋਮੇ ਅਤੇ

30. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਿਸਟੈਂਸ ਐਜੂਕੇਸ਼ਨ ਕੌਂਸਲ, ਨਵੀਂ ਦਿੱਲੀ ਵੱਲੋਂ ਪ੍ਰਾਪਤ ਪੱਤਰ ਮਿਤੀ 22.9.2010 (**ਅੰਤਿਕਾ** ਅਨੁਸਾਰ) ਨੂੰ ਮੁੱਖ ਰੱਖਦਿਆਂ ਡਿਸਟੈਂਸ

**ਸਰਟੀਫਿਕੇਟਸ ਉਪਰ ਮੋਡ 'Distance Education' ਦਰਸਾਉਣ ਦੀ ਪਰਵਾਨਗੀ।**

ਐਜੂਕੇਸ਼ਨ ਪ੍ਰੋਗਰਾਮ ਅਧੀਨ ਪੜ੍ਹ ਰਹੇ ਵਿਦਿਆਰਥੀਆਂ ਦੇ ਡਿਗਰੀਆਂ, ਡਿਪਲੋਮਿਆਂ ਅਤੇ ਸਰਟੀਫਿਕੇਟਸ ਉਪਰ ਮੋਡ 'Distance Education' ਦਰਸਾਉਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

**ਸਬੰਧਤ ਉਮੀਦਵਾਰਾਂ ਨੂੰ ਪੀ.ਐਚ.ਡੀ. ਡਿਗਰੀ ਪਰਦਾਨ ਕਰਨ ਦੀ ਪਰਵਾਨਗੀ।**

31. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਉਮੀਦਵਾਰਾਂ ਨੂੰ, ਹਰੇਕ ਅੱਗੇ ਦਰਸਾਏ ਥੀਸਿਸ ਦੇ ਸਿਰਲੇਖ, ਵਿਸ਼ਾ 'ਤੇ ਫ਼ੈਕਲਟੀ ਅਨੁਸਾਰ, ਡਾਕਟਰ ਆਫ਼ ਫਿਲਾਸਫੀ ਦੀ ਡਿਗਰੀ ਪਰਦਾਨ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| ਕ੍ਰਮ ਨੰ: | ਨਾਮ | ਥੀਸਿਸ ਦਾ ਸਿਰਲੇਖ | ਵਿਸ਼ਾ ਤੇ ਫੈਕਲਟੀ |
|---|---|---|---|
| 1. | ਸੁਨੀਤਾ ਸ਼ਰਮਾ | Hindi Kahani Mein Vidroh ke Swar (From 1991 to 2005) | ਹਿੰਦੀ- ਲੈਂਗੁਏਜਿਜ਼ ਫੈਕਲਟੀ। |
| 2. | ਹਰਿੰਦਰ ਕੌਰ | ਪੰਜਾਬੀ ਗਾਇਕੀ ਦਾ ਬਦਲਦਾ ਸਰੂਪ | ਪੰਜਾਬੀ- ਲੈਂਗੁਏਜਿਜ਼ ਫੈਕਲਟੀ। |
| 3. | ਸਵਿੰਦਰ ਸਿੰਘ ਛੀਨਾ | ਉਨੀਵੀਂ ਸਦੀ ਦੇ ਦੂਜੇ ਅੱਧ ਦੀ ਪੰਜਾਬੀ ਵਾਰਤਕ ਦਾ ਆਲੋਚਨਾਤਮਕ ਅਧਿਐਨ | - ਉਹੀ- |
| 4. | ਸੁਪ੍ਰੀਤ ਕੌਰ | Critical Editing of Ghulam-Muhy-Ud-Din's Futuhat-Namah-I-Samadi | ਹਿਸਟਰੀ- ਆਰਟਸ ਤੇ ਸੋਸ਼ਲ ਸਾਇੰਸਜ਼ ਫੈਕਲਟੀ। |
| 5. | ਨਵੀਨ ਠਾਕੁਰ | A Study of Elasto-Thermodiffusive Waves in Semiconductor Materials | ਫਿਜਿਕਸ- ਸਾਇੰਸਜ਼ ਫ਼ੈਕਲਟੀ। |
| 6. | ਨਵਦੀਪ ਕੌਰ | An Evaluative study of Human Rights Education in the Curriculum of School Education in Punjab | ਐਜੂਕੇਸ਼ਨ- ਐਜੂਕੇਸ਼ਨ ਫੈਕਲਟੀ। |
| 7. | ਸਤਵਿੰਦਰ ਕੌਰ | Unit Cost of Higher Education- A Study of University Education in Punjab | ਇਕਨਾਮਿਕਸ- ਇਕਨਾਮਿਕਸ ਤੇ ਬਿਜਨੈਸ ਫੈਕਲਟੀ। |
| 8. | ਸਵੀਟੀ | Economic Value Added as a Measure of Financial Performance: A Study of Selected Indian Companies | ਕਾਮਰਸ- ਇਕਨਾਮਿਕਸ ਤੇ ਬਿਜਨੈਸ ਫੈਕਲਟੀ |
| 9. | Richard Nyangosi | Perception Towards E-Banking: A Comparative Study of India and Kenya | - ਉਹੀ - |
| 10. | ਅਮਿਤ ਆਨੰਦ | Synthetic Transformations of Some Butadienyl Derivatives | ਅਪਲਾਈਡ ਕੈਮਿਸਟਰੀ- ਅਪਲਾਈਡ ਸਾਇੰਸਜ਼ ਫੈਕਲਟੀ |

**NCTE ਦੁਆਰਾ ਐਜੂਕੇਸ਼ਨ ਕਾਲਜਾਂ ਲਈ ਜਾਰੀ ਨੋਟੀਫਿਕੇਸ਼ਨ ਵਿਚ Recognition, Norms and Procedure ਬਾਰੇ ਸੋਧਾਂ ਅਤੇ ਪ੍ਰਿੰਸੀਪਲ/ਮੁਖੀ ਦੀ ਨਿਯੁਕਤੀ 65 ਸਾਲ ਤੋਂ ਵਧਾ ਕੇ 70 ਸਾਲ ਤੱਕ**

32. ਵਿਚਾਰ ਉਪਰੰਤ

**ਪਾਸ ਹੋਇਆ** ਕਿ ਐਨ.ਸੀ.ਟੀ.ਈ. ਵੱਲੋਂ ਜਾਰੀ ਨੋਟੀਫਿਕੇਸ਼ਨ ਨੰ: F.51-1/2009- NCTE (N&S) ਮਿਤੀ 31.8.2009 (Recognition, Norms and Procedure) ਵਿਚ ਐਨ.ਸੀ.ਟੀ.ਈ. ਵੱਲੋਂ ਜਾਰੀ ਪੱਤਰ ਨੰ: 49-4/2010/PT/NCTE (N&S) ਮਿਤੀ 9.8.2010 ਅਤੇ ਨੋਟੀਫਿਕੇਸ਼ਨ ਨੰ: F.No. 51-1/2009 NCTE (N&S) ਮਿਤੀ 23.7.2010 (**ਅੰਤਿਕਾ** ਅਨੁਸਾਰ) ਰਾਹੀਂ ਬੀ.ਐਡ., ਐਮ.ਐਡ. ਅਤੇ ਬੀ.ਪੀ.ਐਡ ਕਲਾਸ ਲਈ ਸੋਧਾਂ ਤੋਂ ਇਲਾਵਾ ਪ੍ਰਿੰਸੀਪਲ/ਮੁਖੀ ਦੀ ਪੁਨਰ ਨਿਯੁਕਤੀ 65

ਕਰਨ ਦੀ ਵਿਵਸਥਾ ਅਡਾਪਟ ਕਰਨ ਦੀ ਪਰਵਾਨਗੀ।

ਸਾਲ ਤੋਂ ਵਧਾ ਕੇ 70 ਸਾਲ ਤੱਕ ਦੀ ਵਿਵਸਥਾ ਅਡਾਪਟ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਵਾਈਸ-ਚਾਂਸਲਰ ਸਾਹਿਬ ਦਾ ਬਿਆਨ।

33. ਯੂਨੀਵਰਸਿਟੀ ਵਿਖੇ ਚੱਲ ਰਹੀਆਂ ਵੱਖ-ਵੱਖ ਗਤੀਵਿਧੀਆਂ ਬਾਰੇ ਵਾਈਸ-ਚਾਂਸਲਰ ਸਾਹਿਬ ਨੇ ਦਸਿਆ ਕਿ:-

1. ਯੂਨੀਵਰਸਿਟੀ ਨੇ ਖੇਡਾਂ ਦੀ ਸਰਵ-ਉੱਚ ਮੌਲਾਨਾ ਅਬੁਲ ਕਲਾਮ ਆਜ਼ਾਦ ਟਰਾਫੀ 21ਵੀਂ ਵਾਰ ਜਿੱਤ ਕੇ ਇਕ ਵਾਰ ਫਿਰ ਖੇਡਾਂ ਦੇ ਖੇਤਰ ਵਿਚ ਭਾਰਤ ਦੀ ਸਿਰਮੌਰ ਯੂਨੀਵਰਸਿਟੀ ਬਣਨ ਦਾ ਮਾਣ ਪ੍ਰਾਪਤ ਕੀਤਾ ਹੈ।

2. ਯੂਨੀਵਰਸਿਟੀ ਦੇ ਆਲ ਇੰਡੀਆ ਸਰਵਿਸਜ਼ ਪ੍ਰੀ-ਐਗਜ਼ਾਮੀਨੇਸ਼ਨਜ਼ ਟ੍ਰੇਨਿੰਗ ਸੈਂਟਰ ਅਤੇ ਸੈਂਟਰ ਆਫ ਪ੍ਰੈਪਰੇਸ਼ਨ ਫਾਰ ਕੰਪੀਟੀਟਿਵ ਐਗਜ਼ਾਮੀਨੇਸ਼ਨਜ਼ ਵਿਖੇ ਕੋਚਿੰਗ ਲੈਣ ਵਾਲੇ ਵਿਦਿਆਰਥੀਆਂ ਵਿਚੋਂ 16 ਵਿਦਿਆਰਥੀਆਂ ਨੇ ਪੀ.ਸੀ.ਐਸ. (ਜੂਡੀਸ਼ੀਅਲ) ਦੀ ਮੁਢਲੀ ਪ੍ਰੀਖਿਆ ਪਾਸ ਕਰ ਲਈ ਹੈ। ਜ਼ਿਕਰਯੋਗ ਹੈ ਕਿ ਯੂਨੀਵਰਸਿਟੀ ਵੱਲੋਂ ਐੱਲ.ਐੱਲ.ਬੀ. ਆਖਰੀ ਸਮੈਸਟਰ ਦਾ ਨਤੀਜਾ ਸਮੇਂ ਸਿਰ ਘੋਸ਼ਿਤ ਹੋ ਜਾਣ ਕਾਰਣ ਕਾਫੀ ਵਿਦਿਆਰਥੀਆਂ ਨੂੰ ਲਾਭ ਹੋਇਆ ਹੈ ਅਤੇ ਇਸ ਕਾਰਣ ਉਹ ਪੀ.ਸੀ.ਐਸ. (ਜੂਡੀਸ਼ੀਅਲ) ਦੀ ਮੁਢਲੀ ਪ੍ਰੀਖਿਆ ਦੇ ਸਕੇ ਹਨ।

3. ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਅੰਤਰ-ਰਾਸ਼ਟਰੀ ਪੱਧਰ ਦੀ ਟੈਕਸਟਾਈਲ ਡਾਈਜ਼ ਤੇ ਕੈਮੀਕਲਜ਼ ਬਨਾਉਣ ਵਾਲੀ ਕੰਪਨੀ, ਡਾਈਸਟਾਰ ਇੰਡੀਆ ਪ੍ਰਾਈਵੇਟ ਲਿਮਟਿਡ, ਮੁੰਬਈ ਵਿਚਕਾਰ ਤਕਨੀਕੀ ਸਹਿਯੋਗ ਸਬੰਧੀ ਇਕ ਸਮਝੌਤਾ ਹੋਇਆ ਹੈ।

4. ਚੰਡੀਗੜ੍ਹ ਸਥਿਤ ਕੰਨਸੂਲੇਟ ਜਨਰਲ ਆਫ ਕੈਨੇਡਾ ਦੇ ਕੌਂਸਲ ਜਨਰਲ, ਸ੍ਰੀ ਸਕੌਟ ਸਲੈਸਰ ਨੇ 8 ਅਕਤੂਬਰ ਨੂੰ ਇਸ ਯੂਨੀਵਰਸਿਟੀ ਦਾ ਦੌਰਾ ਕੀਤਾ ਅਤੇ ਭਾਰਤ ਤੇ ਕੈਨੇਡਾ ਦਰਮਿਆਨ ਆਪਸੀ ਖੋਜ ਮਿਲਵਰਤਨ ਅਤੇ ਹੋਰ ਅਕਾਦਮਿਕ ਪ੍ਰੋਗਰਾਮਾਂ ਦੇ ਆਦਾਨ-ਪ੍ਰਦਾਨ ਸਬੰਧੀ ਯੂਨੀਵਰਸਿਟੀ ਦੇ ਸੀਨੀਅਰ ਅਧਿਆਪਕਾਂ ਅਤੇ ਅਧਿਕਾਰੀਆਂ ਨਾਲ ਵਿਚਾਰ ਵਟਾਂਦਰਾ ਕੀਤਾ।

5. ਯੂਨੀਵਰਸਿਟੀ ਵੱਲੋਂ ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਦੇ ਪਬਲਿਕ ਡਿਪਲੋਮੇਸੀ ਡਿਵੀਜ਼ਨ ਦੇ ਸਹਿਯੋਗ ਨਾਲ 22 ਅਕਤੂਬਰ ਨੂੰ ਭਾਰਤ ਦੇ ਸਾਬਕਾ ਵਿਦੇਸ਼ ਸਕੱਤਰ ਅਤੇ ਸਾਬਕਾ ਰਾਜਦੂਤ ਸ੍ਰੀ ਕੰਵਲ ਸਿੱਬਲ ਦਾ ਭਾਰਤ-ਪਾਕਿਸਤਾਨ ਸੰਬੰਧ ਵਿਸ਼ੇ 'ਤੇ ਵਿਸ਼ੇਸ਼ ਲੈਕਚਰ ਕਰਵਾਇਆ ਗਿਆ। ਇਸ ਤਰ੍ਹਾਂ ਯੂਨੀਵਰਸਿਟੀ ਦੇ ਇਤਿਹਾਸ ਵਿਭਾਗ ਵੱਲੋਂ ਸਾਂਤਾ ਬਾਰਬਰਾ ਯੂਨੀਵਰਸਿਟੀ, ਕੈਲੀਫੋਰਨੀਆ (ਅਮਰੀਕਾ) ਦੇ ਪ੍ਰਸਿੱਧ ਸਿੱਖ ਵਿਦਵਾਨ ਪ੍ਰੋਫੈਸਰ ਗੁਰਿੰਦਰ ਸਿੰਘ ਮਾਨ ਦਾ ਗੁਰੂ ਨਾਨਕ ਅਤੇ ਉਨ੍ਹਾਂ ਦੇ ਸਿੱਖ: ਨਵੇਂ ਪਰਿਪੇਖ ਵਿਸ਼ੇ ਤੇ 21 ਸਤੰਬਰ, 2010 ਨੂੰ ਲੈਕਚਰ ਕਰਵਾਇਆ ਗਿਆ।

6. ਯੂਨੀਵਰਸਿਟੀ ਦੇ ਬੋਟਾਨੀਕਲ ਅਤੇ ਇਨਵਾਇਰਨਮੈਂਟਲ ਸਾਇੰਸਜ਼ ਵਿਭਾਗ ਵੱਲੋਂ 3 ਨਵੰਬਰ ਨੂੰ ਭਾਰਤ ਵਿਚ ਖੇਤੀਬਾੜੀ ਉਤਪਾਦਨ ਵਿਚ ਸਥਿਰਤਾ ਅਤੇ ਅਨਾਜ ਸੁਰੱਖਿਆ ਵਿਸ਼ੇ 'ਤੇ ਸਰਦਾਰ ਬਿਸ਼ਨ ਸਿੰਘ ਸਮੁੰਦਰੀ ਮੈਮੋਰੀਅਲ ਲੈਕਚਰ ਕਰਵਾਇਆ ਗਿਆ।ਇਹ ਲੈਕਚਰ ਸਾਡੇ ਉਘੇ ਆਰਥਿਕ ਮਾਹਿਰ ਅਤੇ ਪਦਮਭੂਸ਼ਨ ਅਵਾਰਡੀ ਪ੍ਰੋ: ਐਸ.ਐਸ. ਜੌਹਲ ਵੱਲੋਂ ਦਿਤਾ ਗਿਆ ।

7. ਯੂਨੀਵਰਸਿਟੀ ਦੇ ਸਮਾਜ ਵਿਗਿਆਨ ਵਿਭਾਗ ਵੱਲੋਂ 28 ਅਕੂਤਬਰ ਨੂੰ ਭਾਰਤ ਵਿਚ ਸ਼ਹਿਰੀ ਵਿਕਾਸ: ਪ੍ਰਸ਼ਾਸਨ ਲਈ ਚੁਣੌਤੀਆਂ ਵਿਸ਼ੇ 'ਤੇ ਸੈਮੀਨਾਰ ਕਰਵਾਇਆ ਗਿਆ।

8. ਯੂਨੀਵਰਸਿਟੀ ਦੇ ਗੁਰੂ ਰਾਮਦਾਸ ਸਕੂਲ ਆਫ ਪਲੈਨਿੰਗ ਵੱਲੋਂ 30 ਅਕਤੂਬਰ ਨੂੰ ਚਾਰ ਦੀਵਾਰੀ ਅੰਦਰਲੇ ਅੰਮ੍ਰਿਤਸਰ ਸ਼ਹਿਰ ਦਾ ਵਿਕਾਸ ਅਤੇ ਯੋਜਨਾ ਨੀਤੀਆਂ ਵਿਸ਼ੇ 'ਤੇ ਇਕ ਰੋਜ਼ਾ ਵਰਕਸ਼ਾਪ ਕਰਵਾਈ ਗਈ ।

9. ਭਾਰਤ ਸਰਕਾਰ ਦੇ ਸਾਇੰਸ ਅਤੇ ਟੈਕਨਾਲੌਜੀ ਮੰਤਰਾਲੇ ਦੇ ਬਾਇਓ-ਟੈਕਨਾਲੌਜੀ ਵਿਭਾਗ ਵੱਲੋਂ ਇਸ ਯੂਨੀਵਰਸਿਟੀ ਦੇ ਹਿਊਮਨ ਜੈਨੇਟਿਕਸ ਵਿਭਾਗ ਦੀ ਰੀਡਰ ਡਾ. ਵਨੀਤਾ ਕੁਮਾਰ ਨੂੰ Joint Indo-German Agreement on Biotechnology Scheme ਅਧੀਨ 107.40 ਲੱਖ ਰੁਪਏ ਦਾ Major Research Project ਦਿੱਤਾ ਗਿਆ ਹੈ। ਇਸ ਪ੍ਰੋਜੈਕਟ ਅਧੀਨ ਉਹ ਜਮਾਂਦਰੂ ਪੁਤਲੀ ਰੋਗਾਂ ਦੇ ਤੰਤ੍ਰਿਕਾ ਜੀਵ ਵਿਗਿਆਨਕ ਜੀਨਜ਼ ਅਤੇ ਮੌਲੀਕਿਊਲਰ ਵਿਕਾਰਾਂ ਬਾਰੇ ਤਿੰਨ ਸਾਲ ਦੇ ਸਮੇਂ ਤੱਕ ਖੋਜ ਕਰਨਗੇ ।

10. ਯੂਨੀਵਰਸਿਟੀ ਦੇ ਸਪੋਰਟਸ ਮੈਡੀਸਨ ਫੈਕਲਟੀ ਦੇ ਡੀਨ, ਪ੍ਰੋਫੈਸਰ ਜਸਪਾਲ ਸਿੰਘ ਨੂੰ Chinese University of Hong Kong ਵੱਲੋਂ 9 ਤੋਂ 12 ਅਕਤੂਬਰ ਤੱਕ ਹੋਈ Sports Medicine, Research and Rehabilitation Therapy Convention ਵਿਚ ਸ਼ਾਮਿਲ ਹੋਏ । ਇਸ ਤੋਂ ਇਲਾਵਾ ਉਨ੍ਹਾਂ ਨੂੰ ਭਾਰਤ ਦੇ ਮੈਡੀਕਲ ਕੌਂਸਿਲ ਬੋਰਡ ਦਾ ਮੈਂਬਰ ਵੀ ਨਾਮਜ਼ਦ ਕੀਤਾ ਗਿਆ ਹੈ ।

11. ਯੂਨੀਵਰਸਿਟੀ ਦੇ ਫਿਜਿਕਸ ਵਿਭਾਗ ਦੇ ਪੋਸਟ-ਡੌਕਟਰਲ ਫੈਲੋ, ਡਾ. ਅਰਵਿੰਦ ਦੀਪਕ ਸਭਰਵਾਲ ਨੇ ਯੂਨੀਵਰਸਿਟੀ ਆਫ ਰੋਮ, ਇਟਲੀ ਵਿਖੇ 24 ਤੋਂ 28 ਅਕਤੂਬਰ ਤੱਕ ਹੋਈ International Conference on Environmental Radioactivity- New Frontiers and Development ਵਿਚ ਆਪਣਾ ਖੋਜ ਪੱਤਰ ਪੇਸ਼ ਕੀਤਾ।

12. ਯੂਨੀਵਰਸਿਟੀ ਦੇ ਪਲੇਸਮੈਂਟ ਵਿਭਾਗ ਦੇ ਯਤਨਾਂ ਸਦਕਾ ਦੇਸ਼ ਦੀਆਂ ਨੈਸ਼ਨਲ ਅਤੇ ਮਲਟੀਨੈਸ਼ਨਲ ਕੰਪਨੀਆਂ ਵੱਲੋਂ ਪਿਛਲੀ ਸਿੰਡੀਕੇਟ ਦੀ ਇੱਕਤਰਤਾ ਤੋਂ ਬਾਅਦ ਹੁਣ ਤੱਕ 15 ਵਿਦਿਆਰਥੀਆਂ ਨੂੰ ਨੌਕਰੀ ਲਈ ਚੁਣਿਆ ਗਿਆ ਹੈ। ਇਸ ਤੋਂ ਇਲਾਵਾ ਇੰਡੀਅਨ ਆਰਮੀ ਵੱਲੋਂ 39 ਵਿਦਿਆਰਥੀਆਂ ਨੂੰ ਫਾਈਨਲ ਇੰਟਰਵਿਊ ਲਈ Shortlist ਕੀਤਾ ਗਿਆ ਹੈ।

**ਸਿੰਡੀਕੇਟ ਵੱਲੋਂ ਯੂਨੀਵਰਸਿਟੀ ਵਿੱਖੇ ਚੱਲ ਰਹੀਆਂ ਉਕਤ ਵੱਖ-ਵੱਖ ਗਤੀਵਿਧੀਆਂ 'ਤੇ ਤੱਸਲੀ ਦਾ ਪ੍ਰਗਟਾਵਾ ਕੀਤਾ ਗਿਆ।**

**ਸਿੰਡੀਕੇਟ ਦੀ ਅਗਲੀ ਇੱਕਤਰਤਾ ਦੀ ਮਿਤੀ ਨਿਸ਼ਚਿਤ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਗਏ।**

34. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਅਗਲੀ ਇੱਕਤਰਤਾ ਦੀ ਮਿਤੀ ਨਿਸ਼ਚਿਤ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਜਾਂਦੇ ਹਨ।

**ਅਧਿਆਪਕਾਂ ਲਈ ਯੂ.ਜੀ.ਸੀ. ਵਲੋਂ ਜਾਰੀ ਪ੍ਰੋਫਾਰਮਾ Annual Self Assessment for Performance Based Appraisal System**

35. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸਿੰਡੀਕੇਟ ਦੀ ਇੱਕਤਰਤਾ ਮਿਤੀ 19.8.2010 ਦੇ ਪੈਰਾ 33 ਰਾਹੀਂ ਪ੍ਰਵਾਨਤ Faculty Performance Appraisal system ਪ੍ਰੋਫਾਰਮਾ ਦੀ ਥਾਂ ਤੇ ਯੂ.ਜੀ.ਸੀ. ਵਲੋਂ

**(PBAS) ਅਤੇ PBAS Proforma for Promotion under CAS** ਅਡਾਪਟ ਕਰਨ ਦੀ ਪੁਸ਼ਟੀ।

ਅਧਿਆਪਕਾਂ ਲਈ **ਅੰਤਿਕਾ** ਅਨੁਸਾਰ ਜਾਰੀ ਪ੍ਰੋਫਾਰਮਾ Annual Self Assessment for Performance Based Appraisal System (PBAS) ਅਤੇ PBAS Proforma for Promotion under CAS ਅਡਾਪਟ ਕਰਨ ਦੀ ਪਰਵਾਨਗੀ ਦਿੱਤੀ ਹੈ।

ਯੂਨੀਵਰਸਿਟੀ ਕੈਂਪਸਸ ਵਿਖੇ ਸਾਰੇ ਸਮੈਸਟਰ ਕੋਰਸਾਂ ਦੀਆਂ ਪ੍ਰੈਕਟੀਕਲ ਪ੍ਰੀਖਿਆਵਾਂ ਲਈ ਵਿਵਸਥਾ ਅਪਨਾਉਣ ਦੀ ਪਰਵਾਨਗੀ।

36. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਕੈਂਪਸ, ਰਿਜਨਲ ਕੈਂਪਸਸ ਜਲੰਧਰ ਅਤੇ ਗੁਰਦਾਸਪੁਰ ਵਿਖੇ ਸਾਰੇ ਸਮੈਸਟਰ ਕੋਰਸਾਂ ਦੀਆਂ ਪ੍ਰੈਕਟੀਕਲ ਪ੍ਰੀਖਿਆਵਾਂ ਦੇ ਸੰਚਾਲਨ ਲਈ ਹੇਠ ਲਿਖੇ ਅਨੁਸਾਰ ਵਿਵਸਥਾ ਅਪਣਾਈ ਜਾਂਦੀ ਹੈ:-

1. On the pattern of the theory examinations, the practical examinations of all the courses of all semesters (odd/even) at GNDU Campus, Amritsar, RC, Jalandhar and RC, Gurdaspur may be allowed to be conducted internally by the Board of Examiners consisting of the Head of the Department/nominee, a senior Professor of the Department and the concerned subject teacher.

ਬੀ.ਪੀ.ਟੀ. (ਪ੍ਰੋਫੈਸ਼ਨਲ) ਭਾਗ ਤੀਜਾ ਦੀ ਵਿਦਿਆਰਥਣ- ਦੀਪਤੀ ਸ਼ਰਮਾ ਵੱਲੋਂ ਇਨਟਰਨਸ਼ਿਪ ਦੇਰੀ ਨਾਲ ਭੇਜਣ ਕਰਕੇ 10000/- ਰੁਪਏ ਜੁਰਮਾਨੇ ਨਾਲ ਡਿਗਰੀ ਪਰਦਾਨ ਕਰਨ ਦੀ ਪਰਵਾਨਗੀ।

37. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਲਾਇਲਪੁਰ ਖਾਲਸਾ ਕਾਲਜ, ਜਲੰਧਰ ਵਿਖੇ ਬੀ.ਪੀ.ਟੀ.(ਪ੍ਰੋਫੈਸ਼ਨਲ) ਭਾਗ ਤੀਜਾ, ਦਸੰਬਰ 2004 ਦੀ ਵਿਦਿਆਰਥਣ- ਦੀਪਤੀ ਸ਼ਰਮਾ ਦੀ 6 ਮਹੀਨੇ ਦੀ ਇਨਟਰਨਸ਼ਿਪ ਤਕਰੀਬਨ 5 ਸਾਲ ਦੀ ਦੇਰੀ ਨਾਲ ਭੇਜਣ ਕਾਰਣ ਯੂਨੀਵਰਸਿਟੀ ਨਿਯਮਾਂ ਵਿਚ ਛੋਟ ਦੇ ਕੇ 10000/- ਰੁਪਏ ਜੁਰਮਾਨੇ ਨਾਲ ਉਕਤ ਕਲਾਸ ਦੀ ਡਿਗਰੀ ਪਰਦਾਨ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਲੇਟ ਦਾਖਲਿਆਂ ਸਬੰਧੀ ਅਧਿਆਦੇਸ਼ 6 ਵਿਚ ਸੋਧ।

38. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਵਿਦਿਆਰਥੀਆਂ ਦੇ ਅਕਾਦਮਿਕ ਭਵਿੱਖ ਨੂੰ ਮੁੱਖ ਰੱਖਦਿਆਂ ਯੂਨੀਵਰਸਿਟੀ ਕੈਲੰਡਰ 1999, ਜਿਲਦ ਤੀਜੀ ਦੇ ਪੰਨਾ 28 ਉੱਤੇ ਲੇਟ ਦਾਖਲਿਆਂ ਸਬੰਧੀ ਅਧਿਆਦੇਸ਼ 6 ਵਿਚ ਹੇਠ ਲਿਖੇ ਅਨੁਸਾਰ ਸੋਧ ਕੀਤੀ ਜਾਂਦੀ ਹੈ। ਇਹ ਸੋਧ ਸਪਲੀਮੈਂਟਰੀ 2010 ਦੀਆਂ ਪ੍ਰੀਖਿਆਵਾਂ ਤੋਂ ਲਾਗੂ ਹੋਵੇਗੀ। ਸੋਧ ਹਿਤ ਮਾਮਲਾ ਰੈਗੂਲੇਸ਼ਨਜ਼ ਕਮੇਟੀ ਵਿਚ ਭੇਜ ਦਿੱਤਾ ਜਾਵੇ:-

| **Present Ordinaces** | **Proposed Ordinaces** |
|---|---|
| 6. A student whose result is published late by Guru Nanak Dev University or other recognised Universities/Boards can be admitted without late fee within twelve working days (including two transit days) from the date of Universities'/Boards' result notification. | - No Change- |

| | |
|---|---|
| All such cases must be reported by the Principal to the University office within fifteen days from the date of actual admission so as to ascertain that the lower examinations in which they have appeared are equivalent to the corresponding examinations of this University. | - No Change - |
| **<u>Provided that the above provision will not be applicable in the case of candidates who become eligible on the basis of supplementary examination results.</u>** | - Deleted - |

ਰੈਗੂਲੇਸ਼ਨਜ਼ ਕਮੇਟੀ ਦੀਆਂ ਮਿਤੀ 21.10.2010 ਦੀਆਂ ਸਿਫ਼ਾਰਸ਼ਾਂ ਦੀ ਪਰਵਾਨਗੀ।

39. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੇ ਵੱਖ-ਵੱਖ ਨਿਰਣਿਆਂ ਨੂੰ ਮੁੱਖ ਰੱਖਦਿਆਂ ਰੈਗੂਲੇਸ਼ਨਜ਼ ਕਮੇਟੀ ਦੀਆਂ ਮਿਤੀ 21.10.2010 ਦੀਆਂ ਸਿਫ਼ਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਸਬੰਧਤਾ ਪ੍ਰਾਪਤ ਰੈਗੂਲਰ ਅਤੇ ਡਿਸਟੈਂਸ ਐਜੂਕੇਸ਼ਨ ਅਧੀਨ ਕਾਲਜਾਂ ਦਾ ਨਿਰੀਖਣ ਹਿਤ ਇੰਸਪੈਕਸ਼ਨ ਫੀਸ ਵਸੂਲ ਕਰਨ ਦੀ ਪਰਵਾਨਗੀ।

40. ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਨਾਲ ਸਬੰਧਤਾ ਪ੍ਰਾਪਤ ਰੈਗੂਲਰ ਅਤੇ ਡਿਸਟੈਂਸ ਐਜੂਕੇਸ਼ਨ ਅਧੀਨ ਕਾਲਜਾਂ ਦਾ ਨਿਰੀਖਣ ਕਰਨ ਵਾਸਤੇ ਇੰਸਪੈਕਸ਼ਨ ਕਮੇਟੀ ਵੱਲੋਂ ਇੰਸਪੈਕਸ਼ਨ ਫੀਸ ਵਸੂਲ ਕਰਨ ਹਿਤ ਗਠਿਤ ਕਮੇਟੀ ਦੀਆਂ ਮਿਤੀ 7.10.2010 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਸ੍ਰੀਮਤੀ ਵਰਿੰਦਰ ਕੌਰ, ਲੈਕਚਰਾਰ, ਅਪਲਾਈਡ ਕੈਮੀਕਲ ਸਾਇੰਸਜ਼ ਵਿਭਾਗ ਨੂੰ ਪੀ.ਐਚ.ਡੀ. ਦੀ ਐਨਰੋਲਮੈਂਟ ਲਈ ਸਮੇਂ ਵਿਚ ਵਾਧਾ।

41. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸ੍ਰੀਮਤੀ ਵਰਿੰਦਰ ਕੌਰ, ਲੈਕਚਰਾਰ, ਅਪਲਾਈਡ ਕੈਮੀਕਲ ਸਾਇੰਸਜ਼ ਵਿਭਾਗ, ਜਿਸ ਦੀ Textile Chemistry ਵਿਸ਼ੇ ਵਿਚ ਮਿਤੀ 6.9.06 ਨੂੰ ਐਨਰੋਲਮੈਂਟ ਹੋਈ ਅਤੇ ਉਸ ਵੱਲੋਂ ਪੀ.ਐਚ.ਡੀ. ਨਾਲ ਸਬੰਧਤ ਬਹੁਤ ਸਾਰਾ ਰਿਸਰਚ ਦਾ ਕੰਮ ਕਰ ਲਿਆ ਹੈ, ਪ੍ਰੰਤੂ ਉਸ ਦੇ ਗਾਈਡ ਵੱਲੋਂ ਸਿਨਾਪਸਿਜ਼ ਜਮ੍ਹਾਂ ਕਰਵਾਉਣ ਹਿਤ ਅੱਗੇ ਨਾ ਭੇਜਣ ਕਰਕੇ ਰਜਿਸਟ੍ਰੇਸ਼ਨ ਨਹੀਂ ਹੋ ਸਕੀ, ਨੂੰ ਐਨਰੋਲਮੈਂਟ ਹਿਤ ਨਿਯਮਾਂ ਵਿਚ ਛੋਟ ਦੇ ਕੇ ਸਿੰਡੀਕੇਟ ਦੇ ਨਿਰਣੇ ਦੀ ਮਿਤੀ ਤੋਂ ਇਕ ਸਾਲ ਦਾ ਵਾਧਾ ਪਰਦਾਨ ਕੀਤਾ ਜਾਂਦਾ ਹੈ।

**ਐਸ.ਆਰ.ਐਸ.ਪੀ.ਐਮ. ਕਾਲਜ, ਨਿਆੜੀ ਵਿਖੇ ਬੀ.ਸੀ.ਏ. ਕੋਰਸ ਲਈ ਵਿਦਿਆਰਥੀਆਂ ਤੋਂ ਫੀਸ ਅਤੇ ਫੰਡ ਲੈਣ ਦੀ ਪਰਵਾਨਗੀ।**

42. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਐਸ.ਆਰ.ਐਸ.ਪੀ.ਐਮ. ਕਾਲਜ, ਨਿਆੜੀ, ਜਿਸ ਨੂੰ ਸਿੰਡੀਕੇਟ ਦੀ ਇੱਕਤਰਤਾ ਮਿਤੀ 23.6.2010 ਦੇ ਪੈਰਾ 34 ਰਾਹੀਂ ਬੀ.ਸੀ.ਏ. ਕੋਰਸ ਸ਼ੁਰੂ ਕਰਨ ਦੀ ਪਰਵਾਨਗੀ ਦਿੱਤੀ ਗਈ ਸੀ, ਨੂੰ ਉਕਤ ਕੋਰਸ ਲਈ ਵਿਦਿਆਰਥੀਆਂ ਕੋਲੋਂ 10890/- ਰੁਪਏ + ਦੂਜੇ ਕੋਰਸਾਂ ਲਈ ਸੋਧਿਆ ਹੋਇਆ ਯੂਥ ਵੈਲਫੇਅਰ ਫੰਡ ਲੈਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

**ਬੀ.ਸੀ.ਏ., ਬੀ.ਐਸ.ਸੀ. (ਆਈ.ਟੀ.), ਬੀ.ਕੈਮ. ਭਾਗ ਤੀਜਾ ਕਲਾਸ ਦੇ ਵਿਦਿਆਰਥੀਆਂ ਤੋਂ ਸਬੰਧਤ ਕੋਰਸ ਵਿਚ ਕੀਤੇ ਕੰਮ ਦੀ Software Module ਦੀ Soft Copy ਜਮ੍ਹਾਂ ਕਰਾਉਣ ਦੀ ਪਰਵਾਨਗੀ।**

43. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਸ਼ਨ 2010-11 ਤੋ ਕੰਪਿਊਟਰ ਨਾਲ ਸਬੰਧਤ ਕੋਰਸ ਭਾਵ ਬੀ.ਸੀ.ਏ., ਬੀ.ਐਸ.ਸੀ.(ਆਈ.ਟੀ.) ਅਤੇ ਬੀ.ਕੈਮ. ਭਾਗ ਤੀਜਾ ਕਲਾਸ ਵਿਚ ਖਤਮ ਕੀਤੀਆਂ (eliminate) ਪ੍ਰੋਜੈਕਟ ਰਿਪੋਰਟਾਂ ਦੀ ਥਾਂ ਸਬੰਧਤ ਕੋਰਸ ਵਿਚ ਵਿਦਿਆਰਥੀਆਂ ਵੱਲੋਂ ਕੀਤੇ ਕੰਮ ਦੀ Software Module ਦੀ Soft Copy ਮਿਤੀ 31 ਜਨਵਰੀ ਤੱਕ ਸਬੰਧਤ ਕਾਲਜ ਵਿਚ ਜਮ੍ਹਾਂ ਕਰਵਾਉਣ ਅਤੇ ਇਨ੍ਹਾਂ ਦਾ ਮੁਲਾਂਕਣ ਪ੍ਰਯੋਗੀ ਪ੍ਰੀਖਿਆਵਾਂ ਵਾਂਗ ਲਿਖਤੀ ਪ੍ਰੀਖਿਆਵਾਂ ਤੋਂ ਪਹਿਲਾਂ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

**ਸ੍ਰੀ ਪਰਮਿੰਦਰ ਸਿੰਘ, ਸਟੈਨੋ-ਟਾਈਪਿਸਟ ਦੀ ਅਸਾਮੀ ਸੀਨੀਅਰ ਸਕੇਲ ਸਟੈਨੋ-ਗ੍ਰਾਫਰ ਵਜੋਂ ਅਪਗ੍ਰੇਡ ਕਰਨ ਸਬੰਧੀ ਸਿੰਡੀਕੇਟ ਦਾ ਨਿਰਣਾ ਰੱਦ ਕੀਤਾ ਗਿਆ।**

44. ਸਿੰਡੀਕੇਟ ਦੀ ਇੱਕਤਰਤਾ ਮਿਤੀ 29.1.2008 ਦੇ ਪੈਰਾ 97, ਜਿਸ ਰਾਹੀਂ ਸ੍ਰੀ ਪਰਮਿੰਦਰ ਸਿੰਘ, ਸਟੈਨੋ-ਟਾਈਪਿਸਟ, ਸੈਂਟਰ ਫਾਰ ਜੈਨੇਟਿਕ ਡਿਸਆਰਡਰਜ਼ ਦੀ ਅਸਾਮੀ ਸੀਨੀਅਰ ਸਕੇਲ ਸਟੈਨੋ-ਗ੍ਰਾਫਰ ਵਜੋਂ ਅਪਗ੍ਰੇਡ ਕਰਨ ਸਬੰਧੀ ਨਿਰਣਾ ਲਿਆ ਗਿਆ ਸੀ, ਰੱਦ ਕਰਨ ਤੇ ਵਿਚਾਰ ਹੋਈ ਕਿਉਂਜੋ ਆਡਿਟ ਦੀ ਰਾਏ ਅਨੁਸਾਰ ਇਹ ਕੇਸ ਯੂਨੀਵਰਸਿਟੀ ਨਿਯਮਾਂ ਅਧੀਨ ਕਵਰ ਨਹੀਂ ਹੁੰਦਾ।

ਹੇਠ ਲਿਖੇ ਨੋਟ 'ਤੇ ਵੀ ਵਿਚਾਰ ਹੋਈ:-

ਨੋਟ:- ਆਡਿਟ ਦਾ ਵਿਚਾਰ ਹੈ ਕਿ ਇਹ ਕੇਸ ਕਿਸੇ ਵੀ ਤਰ੍ਹਾਂ ਨਾਲ ਹਾਰਡਸ਼ਿਪ ਦਾ ਕੇਸ ਨਹੀਂ ਬਣਦਾ ਕਿਉਂ ਜੋ ਇਹ ਕਰਮਚਾਰੀ ਜੂਨੀਅਰ ਮੋਸਟ ਸਟੈਨੋ-ਟਾਈਪਿਸਟ ਸੀ, ਇਸ ਤੋਂ ਉਪਰ ਸੀਨੀਅਰਤਾ ਵਿਚ ਕਾਫੀ ਸਟੈਨੋ-ਟਾਈਪਿਸਟ ਯੂਨੀਵਰਸਿਟੀ ਵਿਚ ਅਜੇ ਵੀ ਬਤੌਰ ਸਟੈਨੋ-ਟਾਈਪਿਸਟ ਹੀ ਕੰਮ ਕਰ ਰਹੇ ਹਨ। ਜੇਕਰ ਇਸ ਕਰਮਚਾਰੀ ਨੂੰ ਇਸ ਤੋਂ ਸੀਨੀਅਰ ਕੰਮ ਕਰ ਰਹੇ ਕਰਮਚਾਰੀਆਂ ਦੀ ਸੇਵਾ ਨੂੰ ਅੱਖੋਂ-ਪਰੋਖੇ ਕਰਕੇ ਸੀਨੀਅਰ ਸਕੇਲ ਸਟੈਨੋ-ਗ੍ਰਾਫਰ ਦੀ ਪੋਸਟ supernumerary ਤੋਰ 'ਤੇ ਗਠਿਤ ਕਰਕੇ ਲਗਾਇਆ ਜਾਂਦਾ ਹੈ ਤਾਂ ਉਨ੍ਹਾਂ ਸੀਨੀਅਰ ਸਟੈਨੋ-ਟਾਈਪਿਸਟਾਂ ਲਈ ਇਹ ਹਾਰਡਸ਼ਿਪ ਦਾ ਕੇਸ ਜਰੂਰ ਬਣ ਜਾਵੇਗਾ ਅਤੇ ਕਰਮਚਾਰੀਆਂ ਦੀ ਸੀਨੀਅਰਤਾ ਸੂਚੀ ਵਿਚ ਵੀ ਤਬਦੀਲੀ ਕਰਨੀ ਪਵੇਗੀ ਜਿਸ ਨਾਲ ਹੋਰ ਵੀ ਕਾਨੂੰਨੀ ਅੜਚਨਾ ਪੈਦਾ ਹੋ ਸਕਦੀਆਂ ਹਨ। ਇਸ ਤੋਂ ਇਲਾਵਾ ਇਹ ਕਰਮਚਾਰੀ ਆਪਣੀ ਸੀਨੀਅਰਤਾ ਤੋਂ ਹੱਟਕੇ ਬਤੌਰ ਸਟੈਨੋ-ਗ੍ਰਾਫਰ ਐਡਹਾਕ ਤੌਰ ਤੇ ਪ੍ਰਜੈਕਟ ਅਧੀਨ ਨਿਯੁਕਤ ਹੋਇਆ ਸੀ ਅਤੇ ਬਾਅਦ ਵਿਚ ਚੋਣ ਰਾਹੀਂ ਉਥੇ ਹੀ ਮਿਤੀ 10.5.1992 ਨੂੰ ਪੱਕੇ ਤੌਰ ਤੇ ਨਿਯੁਕਤ ਕੀਤਾ ਗਿਆ, ਕਿਉਂਜੋ ਪ੍ਰੋਜੈਕਟ ਵਿਚਲੀ ਨੌਕਰੀ ਦਾ ਯੂਨੀਵਰਸਿਟੀ ਨਾਲ ਕੋਈ ਵਾਸਤਾ ਨਹੀਂ ਸੀ ਅਤੇ ਬਤੌਰ ਸਟੈਨੋ-ਗ੍ਰਾਫਰ ਮਿਲਣ ਵਾਲੀ ਤਨਖਾਹ/ਭੱਤੇ ਪ੍ਰੋਜੈਕਟ ਅਨੁਸਾਰ ਇਸ ਨੂੰ ਮਿਲਦੇ ਰਹੇ ਹਨ। ਇਸ ਤੋਂ ਇਲਾਵਾ ਇਹ ਕਰਮਚਾਰੀ ਯੂਨੀਵਰਸਿਟੀ ਵਿਚ ਸੀਨੀਅਰ ਸਕੇਲ ਸਟੈਨੋਗ੍ਰਾਫਰ ਦੀ ਪੋਸਟ ਲਈ ਲੋੜੀਂਦੀਆਂ ਯੋਗਤਾਵਾਂ ਯੂਨੀਵਰਸਿਟੀ ਕੈਲੰਡਰ ਮੁਤਾਬਿਕ ਪੂਰੀਆਂ ਹੀ ਨਹੀਂ ਕਰਦਾ ਸੀ।

**ਪਾਸ ਹੋਇਆ** ਕਿ ਸਿੰਡੀਕੇਟ ਦੀ ਇੱਕਤਰਤਾ ਮਿਤੀ 29.1.2008 ਦੇ ਪੈਰਾ 97, ਜਿਸ ਰਾਹੀਂ ਸ੍ਰੀ ਪਰਮਿੰਦਰ ਸਿੰਘ, ਸਟੈਨੋ-ਟਾਈਪਿਸਟ, ਸੈਂਟਰ ਫਾਰ ਜੈਨੇਟਿਕ ਡਿਸਆਰਡਰਜ਼ ਦੀ ਅਸਾਮੀ ਸੀਨੀਅਰ ਸਕੇਲ ਸਟੈਨੋ-ਗ੍ਰਾਫਰ ਵਜੋਂ ਅਪਗ੍ਰੇਡ ਕਰਨ ਸਬੰਧੀ ਨਿਰਣਾ ਲਿਆ ਗਿਆ ਸੀ, ਰੱਦ ਕੀਤਾ ਜਾਂਦਾ ਹੈ ਕਿਉਂਜੋ ਆਡਿਟ ਦੀ ਰਾਏ ਅਨੁਸਾਰ ਇਹ ਕੇਸ ਯੂਨੀਵਰਸਿਟੀ ਨਿਯਮਾਂ ਅਧੀਨ ਕਵਰ ਨਹੀਂ ਹੁੰਦਾ।

**ਪੰਚਮ ਸਿਟੀ ਕਾਲਜ ਫਾਰ ਵੂਮੈਨ ਦਾ ਨਾਮ ਬਦਲ ਕੇ ਸਰਸਵਤੀ ਕਾਲਜ ਆਫ ਮੈਨੇਜਮੈਂਟ ਐਂਡ ਟੈਕਨਾਲੌਜੀ ਰੱਖਣ ਦੀ ਪਰਵਾਨਗੀ।**

45. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਪੰਚਮ ਸਿਟੀ ਕਾਲਜ ਫਾਰ ਵੂਮੈਨ, ਅੰਮ੍ਰਿਤਸਰ ਦੀ ਮੈਨੇਜਮੈਂਟ ਕਮੇਟੀ ਵੱਲੋਂ ਪ੍ਰਾਪਤ ਮਤਾ (**ਅੰਤਿਕਾ** ਅਨੁਸਾਰ) ਨੂੰ ਮੁੱਖ ਰੱਖਦਿਆਂ ਡਿਸਟੈਂਸ ਐਜੂਕੇਸ਼ਨ ਅਧੀਨ ਚਲ ਰਹੇ 'ਪੰਚਮ ਸਿਟੀ ਕਾਲਜ ਫਾਰ ਵੂਮੈਨ' ਦਾ ਨਾਮ ਬਦਲ ਕੇ 'ਸਰਸਵਤੀ ਕਾਲਜ ਆਫ ਮੈਨੇਜਮੈਂਟ ਐਂਡ ਟੈਕਨਾਲੌਜੀ' ਰੱਖਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ। ਇਹ ਕੋ-ਐਜੂਕੇਸ਼ਨ ਕਾਲਜ ਹੋਵੇਗਾ।

**ਸਬੰਧਤ ਉਮੀਦਵਾਰਾਂ ਨੂੰ ਪੀ.ਐਚ.ਡੀ. ਡਿਗਰੀ ਪਰਦਾਨ ਕਰਨ ਦੀ ਪਰਵਾਨਗੀ।**

46. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਉਮੀਦਵਾਰਾਂ ਨੂੰ, ਹਰੇਕ ਅੱਗੇ ਦਰਸਾਏ ਥੀਸਿਸ ਦੇ ਸਿਰਲੇਖ, ਵਿਸ਼ਾ 'ਤੇ ਫ਼ੈਕਲਟੀ ਅਨੁਸਾਰ, ਡਾਕਟਰ ਆਫ਼ ਫਿਲਾਸਫੀ ਦੀ ਡਿਗਰੀ ਪਰਦਾਨ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| ਕ੍ਰਮ ਨੰ: | ਨਾਮ | ਥੀਸਿਸ ਦਾ ਸਿਰਲੇਖ | ਵਿਸ਼ਾ ਤੇ ਫੈਕਲਟੀ |
|---|---|---|---|
| 1. | ਮੋਨਿਕਾ | Role of Aluminium Oxide in Radiation Hardness of Heavy Metal Oxide Glasses. | ਫਿਜਿਕਸ - ਸਾਇੰਸਜ਼ ਫ਼ੈਕਲਟੀ। |
| 2. | ਸੁਮੀਤ ਚੰਦੋਕ | Approximation and Fixed Point Problems in Abstract Spaces. | ਮੈਥੇਮੈਟਿਕਸ- ਸਾਇੰਸਜ਼ ਫ਼ੈਕਲਟੀ। |
| 3. | ਪ੍ਰਿਥਪਾਲ ਕੌਰ | Rights of Person with Special Abilities under the Disabilities Act 1995: A Critical Analysis | ਲਾਅ- ਲਾਅ ਫੈਕਲਟੀ। |
| 4. | ਮਿਨਾਕਸ਼ੀ ਵਿਗ | Study of Teacher's Stress in Relation to Locus of Control, Family Environment and Emotional Intelligence Among Teacher Educators. | ਐਜੂਕੇਸ਼ਨ- ਐਜੂਕੇਸ਼ਨ ਫੈਕਲਟੀ। |
| 5. | ਗੁਰਿੰਦਰ ਜੀਤ ਕੌਰ | Evaluation of Some Traditional Medicinal Plants for their Antibacterial Activity. | ਮਾਈਕ੍ਰੋਬਿਆਲੋਜੀ- ਲਾਈਫ ਸਾਇੰਸਜ਼ ਫ਼ੈਕਲਟੀ। |

**ਸ਼ੂਗਰ ਅਤੇ ਅਲਕੋਹਲ ਟੈਕਨਾਲੋਜੀ ਕੋਰਸ ਨੂੰ ਫੂਡ ਸਾਇੰਸ ਅਤੇ ਟੈਕਨਾਲੋਜੀ ਵਿਭਾਗ ਵਿਚ merge ਕਰਨ ਦੀ ਪਰਵਾਨਗੀ।**

47. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸ਼ੂਗਰ ਅਤੇ ਅਲਕੋਹਲ ਟੈਕਨਾਲੋਜੀ ਕੋਰਸ ਨੂੰ ਫੂਡ ਸਾਇੰਸ ਅਤੇ ਟੈਕਨਾਲੋਜੀ ਵਿਭਾਗ ਵਿਚ merge ਕਰਨ ਲਈ ਗਾਈਡ ਲਾਈਨਜ਼ ਤਹਿ ਕਰਨ ਹਿਤ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀਆਂ ਮਿਤੀ 30.9.2010 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

**ਸ੍ਰੀ ਮੰਗਲ ਸਿੰਘ, ਸਾਬਕਾ ਫੋਟੋਸਟੈਟ ਮਸ਼ੀਨ ਓਪਰੇਟਰ-ਕਮ-ਰਿਸਟੋਰਰ-**

48. ਸ੍ਰੀ ਮੰਗਲ ਸਿੰਘ, ਸਾਬਕਾ ਫੋਟੋਸਟੈਟ ਮਸ਼ੀਨ ਓਪਰੇਟਰ-ਕਮ-ਰਿਸਟੋਰਰ-ਕਮ-ਦਫਤਰੀ ਵਿਰੁੱਧ ਦੋ Preliminary Enquiries ਦੇ ਅਧਾਰ ਤੇ ਉਸ ਨੂੰ ਨੌਕਰੀ ਤੋਂ ਬਰਖਾਸਤ (dismiss) ਕਰਨ ਅਤੇ ਉਸ ਕੋਲੋਂ 53123/- ਰੁਪਏ ਵਸੂਲ ਕਰਨ ਦੇ ਮਿਤੀ

ਕਮ-ਦਫਤਰੀ (**dismissed**) ਵਿਰੁੱਧ ਕੇਸ ਦੁਬਾਰਾ ਖੋਲਣ ਦੀ ਪਰਵਾਨਗੀ।

24.4.2008 ਰਾਹੀਂ ਕੀਤੇ ਆਦੇਸ਼ਾਂ (**ਅੰਤਿਕਾ I**) ਵਿਰੁੱਧ ਉਸ ਵਲੋਂ ਕੀਤੀ ਅਪੀਲ ਸਿੰਡੀਕੇਟ ਦੀ ਇੱਕਤਰਤਾ ਮਿਤੀ 2.9.2008 ਦੇ ਪੈਰਾ ਨੰ: 21 (**ਅੰਤਿਕਾ II**) ਰਾਹੀਂ ਨਾ ਮਨਜ਼ੂਰ ਕੀਤੀ ਗਈ ਸੀ, ਵੱਲੋਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਦਾਖਲ Civil Writ Petition No. 10438 of 2010 ਵਿਚ ਉਸ ਦੀ Plea ਕਿ ਉਸਨੂੰ ਕੋਈ Charge-Sheet ਜਾਰੀ ਨਾ ਕਰਨ ਕਰਕੇ ਅਤੇ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਉੱਤੇ ਸਟੈਚਿਊਟ 33 ਅਧੀਨ ਪ੍ਰਕ੍ਰਿਆ ਨਾ ਅਪਨਾਉਣ ਕਰਕੇ ਉਸਨੂੰ ਸਜਾ ਨਹੀਂ ਦਿੱਤੀ ਜਾ ਸਕਦੀ, ਸਬੰਧੀ ਸ੍ਰੀ ਅੰਮ੍ਰਿਤ ਪਾਲ, ਯੂਨੀਵਰਸਿਟੀ Standing Counsel ਦੀ ਰਾਏ ਨੂੰ ਮੁੱਖ ਰੱਖਦਿਆਂ ਸ੍ਰੀ ਮੰਗਲ ਸਿੰਘ ਵਿਰੁੱਧ ਅਨੁਸ਼ਾਸਨੀ ਕਾਰਵਾਈ ਹਿਤ ਕੇਸ ਦੁਬਾਰਾ ਖੋਲਣ ਦੀ ਪਰਵਾਨਗੀ ਦੇਣ ਤੇ ਵਿਚਾਰ ਹੋਈ।

ਹੇਠ ਲਿਖੇ ਨੋਟ ਤੇ ਵੀ ਵਿਚਾਰ ਹੋਈ:-

ਨੋਟ:- ਉਕਤ ਕੇਸ ਸਬੰਧੀ ਮਾਨਯੋਗ ਹਾਈ ਕੋਰਟ ਵੱਲੋਂ ਆਪਣੇ ਆਦੇਸ਼ ਮਿਤੀ 7.10.2010 ਰਾਹੀਂ ਸ੍ਰੀ ਮੰਗਲ ਸਿੰਘ, ਸਾਬਕਾ ਫੋਟੋਸਟੈਟ ਮਸ਼ੀਨ ਓਪਰੇਟਰ-ਕਮ-ਰਿਸਟੋਰਰ-ਕਮ-ਦਫਤਰੀ ਵਿਰੁੱਧ ਯੂਨੀਵਰਸਿਟੀ ਵੱਲੋਂ ਜਾਰੀ ਕੀਤੀ ਗਈ ਚਾਰਜ ਸ਼ੀਟ, Show Cause Notice ਜਾਂ ਇਨਕੁਆਰੀ ਸਬੰਧੀ ਰਿਕਾਰਡ ਮਿਤੀ 8.11.2010 ਦੀ ਅਦਾਲਤ ਵਿਚ ਪੇਸ਼ੀ ਸਮੇਂ ਪੇਸ਼ ਕਰਨ ਦੀ ਹਿਦਾਇਤ ਕੀਤੀ ਗਈ ਹੈ।

ਕੇਸ ਤੇ ਸਾਰੇ ਪੱਖਾਂ ਤੋਂ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸ੍ਰੀ ਮੰਗਲ ਸਿੰਘ, ਸਾਬਕਾ ਫੋਟੋਸਟੈਟ ਮਸ਼ੀਨ ਓਪਰੇਟਰ-ਕਮ-ਰਿਸਟੋਰਰ-ਕਮ-ਦਫਤਰੀ ਵਿਰੁੱਧ ਦੋ Preliminary Enquiries ਦੇ ਅਧਾਰ ਤੇ ਉਸ ਨੂੰ ਨੌਕਰੀ ਤੋਂ ਬਰਖਾਸਤ (dismiss) ਕਰਨ ਅਤੇ ਉਸ ਕੋਲੋਂ 53123/- ਰੁਪਏ ਵਸੂਲ ਕਰਨ ਦੇ ਮਿਤੀ 24.4.2008 ਰਾਹੀਂ ਕੀਤੇ ਆਦੇਸ਼ਾਂ (**ਅੰਤਿਕਾ I**) ਵਿਰੁੱਧ ਉਸ ਵਲੋਂ ਕੀਤੀ ਅਪੀਲ ਸਿੰਡੀਕੇਟ ਦੀ ਇੱਕਤਰਤਾ ਮਿਤੀ 2.9.2008 ਦੇ ਪੈਰਾ ਨੰ: 21 (**ਅੰਤਿਕਾ II**) ਰਾਹੀਂ ਨਾ ਮਨਜ਼ੂਰ ਕੀਤੀ ਗਈ ਸੀ, ਵੱਲੋਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਦਾਖਲ Civil Writ Petition No. 10438 of 2010 ਵਿਚ ਉਸ ਦੀ Plea ਕਿ ਉਸਨੂੰ ਕੋਈ Charge-Sheet ਜਾਰੀ ਨਾ ਕਰਨ ਕਰਕੇ ਅਤੇ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਉੱਤੇ ਸਟੈਚਿਊਟ 33 ਅਧੀਨ ਪ੍ਰਕ੍ਰਿਆ ਨਾ ਅਪਨਾਉਣ ਕਰਕੇ ਉਸਨੂੰ ਸਜਾ ਨਹੀਂ ਦਿੱਤੀ ਜਾ ਸਕਦੀ, ਸਬੰਧੀ ਸ੍ਰੀ ਅੰਮ੍ਰਿਤ ਪਾਲ, ਯੂਨੀਵਰਸਿਟੀ Standing Counsel ਦੀ ਰਾਏ ਨੂੰ ਮੁੱਖ ਰੱਖਦਿਆਂ ਸ੍ਰੀ ਮੰਗਲ ਸਿੰਘ ਵਿਰੁੱਧ ਅਨੁਸ਼ਾਸਨੀ ਕਾਰਵਾਈ ਹਿਤ ਕੇਸ ਦੁਬਾਰਾ ਖੋਲਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਡਾ. ਟੀ.ਐਸ. ਲੁਬਾਣਾ, ਪ੍ਰੋਫੈਸਰ, ਕੈਮਿਸਟਰੀ ਵਿਭਾਗ ਦੀ ਮੁੜ ਨਿਯੁਕਤੀ।

49. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਾ. ਟੀ.ਐਸ. ਲੁਬਾਣਾ, ਪ੍ਰੋਫੈਸਰ, ਕੈਮਿਸਟਰੀ ਵਿਭਾਗ ਨੂੰ ਮਿਤੀ 31.12.2010 ਨੂੰ ਸੇਵਾ-ਮੁਕਤ ਹੋਣ ਉਪਰੰਤ 1.1.2011 ਤੋਂ ਦੋ ਸਾਲ ਲਈ ਯੂਨੀਵਰਸਿਟੀ ਨਿਯਮਾਂ ਅਨੁਸਾਰ ਮੁੜ ਨਿਯੁਕਤ ਕੀਤਾ ਜਾਂਦਾ ਹੈ।

ਯੂ.ਜੀ.ਸੀ. ਵੱਲੋਂ ਜਾਰੀ **Minimum Standards and Procedure for Award of M.Phil./ Ph.D. Degree Regulations-2009**

50. ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂ.ਜੀ.ਸੀ. ਵੱਲੋਂ ਜਾਰੀ 'Minimum Standards and Procedure for Award of M.Phil./ Ph.D. Degree Regulations-2009' ਨੂੰ ਮੁੱਖ ਰੱਖਦਿਆਂ ਇਸ ਯੂਨੀਵਰਸਿਟੀ ਵਿਖੇ ਪੀ.ਐਚ.ਡੀ. ਨਿਯਮਾਂ ਨੂੰ ਰਿਵਿਊ ਕਰਨ ਹਿਤ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀਆਂ ਮਿਤੀ 15.9.2010 ਦੀਆਂ

ਸਬੰਧੀ ਪੀ.ਐਚ.ਡੀ. ਨਿਯਮਾਂ ਨੂੰ ਰਿਵਿਊ ਕਰਨ ਬਾਰੇ ਕਮੇਟੀ ਦੀਆਂ ਸਿਫਾਰਸ਼ਾਂ ਦੀ ਪਰਵਾਨਗੀ।

ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਇਹ ਵੀ **ਪਾਸ ਹੋਇਆ** ਕਿ ਇਹ ਨਿਯਮ ਮਿਤੀ 1.1.2011 ਤੋਂ ਲਾਗੂ ਹੋਣਗੇ।

ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 11.10.2010 ਦੀਆਂ ਸਿਫਾਰਸ਼ਾਂ ਦੀ ਪਰਵਨਾਗੀ।

51. ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 11.10.2010 ਦੀਆਂ ਹੇਠ ਲਿਖੀਆਂ ਸਿਫਾਰਸ਼ਾਂ ਤੇ ਵਿਚਾਰ ਹੋਈ:-

1) ਕਿ ਸੈਸ਼ਨ 2011-12 ਤੋਂ ਐਮ.ਏ. (ਧਾਰਮਿਕ ਅਧਿਐਨ) (ਸਮੈਸਟਰ ਪ੍ਰਣਾਲੀ) (ਸਮੈਸਟਰ I-IV) ਦੀ ਯੋਗਤਾ ਸ਼ਰਤ ਸਬੰਧੀ ਹਿਊਮੈਨੇਟੀਜ਼ ਤੇ ਰਿਲੀਜ਼ਸ ਸਟੱਡੀਜ਼ ਫੈਕਲਟੀ ਦੀ ਇੱਕਤਰਤਾ ਮਿਤੀ 20.8.2010 ਦੀ ਹੇਠ ਲਿਖੀ ਸਿਫਾਰਸ਼ ਪਰਵਾਨ ਕੀਤੀ ਜਾਂਦੀ ਹੈ:-

"M.A.. with at least 50% Marks in the subject of Punjabi/ History/ Philosophy/ Sociology/ Religious Studies; Or B.A. with at least 45% marks in any one of the elective subject : Punjabi/ History/ Philosophy/ Sociology/ Religious Studies; Or B.A./ B.Sc. under 10+2+3 system with at least 50% marks. **Or B.A.(Hons. School) in Punjabi Or Bachelor Degree with 50% marks in any Discipline."**

(ਪੈਰਾ F)

2) ਕਿ ਲਾਈਫ ਸਾਇੰਸਜ਼ ਫੈਕਲਟੀ ਦੀ ਇੱਕਤਰਤਾ ਮਿਤੀ 7.9.2010 ਦੀ ਸਿਫਾਰਸ਼ ਅਨੁਸਾਰ ਸੈਸ਼ਨ 2011-12 ਤੋਂ B.Sc. Microbiology (Vocational) ਦਾ ਨਾਮ 'Microbiology (Elective subject) ਪਰਵਾਨ ਕੀਤਾ ਜਾਂਦਾ ਹੈ।

(ਪੈਰਾ G)

3) ਕਿ ਐਜੂਕੇਸ਼ਨ ਫੈਕਲਟੀ ਦੀ ਮਿਤੀ 17.8.2010 ਦੀ ਸਿਫਾਰਸ਼ ਅਨੁਸਾਰ ਸੈਸ਼ਨ 2011-12 ਤੋਂ ਹੇਠ ਲਿਖੇ ਕੋਰਸਾਂ ਦੇ ਅਧਿਆਦੇਸ਼ **ਅੰਤਿਕਾਵਾਂ** ਅਨੁਸਾਰ ਪਰਵਾਨ ਕੀਤੇ ਜਾਂਦੇ ਹਨ:-

| | |
|---|---|
| i) ਸਰਟੀਫਿਕੇਟ ਕੋਰਸ ਇਨ ਹਿਊਮੈਨ ਰਾਈਟਸ ਐਂਡ ਡਿਊਟੀਜ਼ ਐਜੂਕੇਸ਼ਨ | **ਅੰਤਿਕਾ I(ii)** |
| ii) ਬੀ.ਐਡ. | **ਅੰਤਿਕਾ I(iii)** |
| iii) ਐਮ.ਐਡ. | **ਅੰਤਿਕਾ I(ii)** |

(ਪੈਰਾ I)

4) ਕਿ ਫਿਜੀਕਲ ਐਜੂਕੇਸ਼ਨ ਫੈਕਲਟੀ ਦੀ ਮਿਤੀ 13.8.2010 ਦੀ ਸਿਫਾਰਸ਼ ਅਨੁਸਾਰ ਸੈਸ਼ਨ 2011-12 ਤੋਂ ਬੀ.ਪੀ.ਈ. (ਤਿੰਨ ਸਾਲਾ ਕੋਰਸ) ਬਾਰੇ ਪੰਨਾ 79 ਉੱਤੇ ਕ੍ਰਮ ਨੰ: 12 ਉੱਤੇ ਅਧਿਆਦੇਸ਼ ਵਿਚ ਹੇਠ ਲਿਖੇ ਅਨੁਸਾਰ ਸੋਧ ਪਰਵਾਨ ਕੀਤੀ ਜਾਂਦੀ ਹੈ:-

| Present | Proposed |
|---|---|
| 12.Re-appear in one subject only shall be allowed. Minimum qualifying Marks for Re-appear shall be 20%. Only three chances shall be given and the Re-appear students shall appear in annual examinations. | 12.Re-appear in one subject only shall be allowed. Minimum qualifying Marks for Re-appear shall be 20%. Only three chances shall be given and the Re-appear students **can also appear in Supplementary** |

examinations.

(ਪੈਰਾ (M) (ii))

5) ਕਿ ਸਪੋਰਟਸ ਮੈਡੀਸਨ ਐਂਡ ਫਿਜ਼ੀਓਥਰਾਪੀ ਫੈਕਲਟੀ ਦੀ ਇੱਕਤਰਤਾ ਮਿਤੀ 4.8.2010 ਦੀ ਸਿਫਾਰਸ਼ ਅਨੁਸਾਰ ਹੇਠ ਲਿਖੇ ਕੋਰਸਾਂ ਦੇ ਅਧਿਆਦੇਸ਼

**ਅੰਤਿਕਾਵਾਂ** ਅਨੁਸਾਰ ਪਰਵਾਨ ਕੀਤੇ ਜਾਂਦੇ ਹਨ:-

i) ਸਰਟੀਫਿਕੇਟ ਕੋਰਸ ਇਨ ਕਲੀਨੀਕਲ ਡਾਇਗਨੋਸਟਿਕ ਟੈਕਨੀਕ(ਐਡ.ਆਨ. ਕੋਰਸ) **ਅੰਤਿਕਾ N(i)**

ii) ਸਰਟੀਫਿਕੇਟ ਕੋਰਸ ਇਨ ਬੇਸਿਕ ਕਲੀਨੀਕਲ ਲੈਬੋਰੇਟਰੀ ਟੈਕਨੀਕਸ(ਐਡ.ਆਨ. ਕੋਰਸ) **ਅੰਤਿਕਾ N(ii)**

(ਪੈਰਾ N)

6) ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕਰਨੀ ਜਿਸ ਰਾਹੀਂ ਉਨ੍ਹਾਂ ਨੇ:-

(i) ਯੂਨੀਵਰਸਿਟੀ ਵੱਲੋਂ ਸੈਸ਼ਨ 2010-11 ਤੋਂ ਨਵੇਂ ਕਾਲਜਾਂ ਨੂੰ (ਕੋਰਸਾਂ ਸਮੇਤ ) ਆਰਜੀ ਸਬੰਧਤਾ **ਅੰਤਿਕਾ** P(i) ਅਨੁਸਾਰ ਪਰਵਾਨ ਕੀਤੀ ਹੈ।

(ii) ਸੈਸ਼ਨ 2010-11 ਤੋਂ ਯੂਨੀਵਰਸਿਟੀ ਨਾਲ ਸਬੰਧਤ ਕਾਲਜਾਂ ਨੂੰ ਨਵੇਂ ਵਿਸ਼ੇ/ ਕਲਾਸਾਂ/ ਕੋਰਸਾਂ ਦੀ ਆਰਜੀ ਸਬੰਧਤਾ **ਅੰਤਿਕਾ** P(ii) ਅਨੁਸਾਰ ਪਰਵਾਨ ਕੀਤੀ ਹੈ।

(ਪੈਰਾ P)

7) ਕਿ ਯੂਨੀਵਰਸਿਟੀ ਕੈਂਪਸ ਅਤੇ ਕਾਲਜਾਂ ਵਿਚ ਚੱਲ ਰਹੇ ਹੇਠ ਲਿਖੇ ਕੋਰਸਾਂ ਨੂੰ Discontinue/ Inabeyance ਰੱਖਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

1. M.Sc. (Hons. School) (Physics) (Semester System) w.e.f the session 2010-11.
2. M.Sc. (Hons. School) (Botany) (Semester System) w.e.f. the session 2010-11.
3. M.Sc. (Hons. School) (Human Genetics) (Semester System) w.e.f. the session 2010-11.
4. M.Sc. (Statistics) (Semester System) w.e.f. the session 2010-11.
5. Masters Degree in Cardiothericic Physiotherapy (Semester System) w.e.f the session 2011-12.
6. P.G. Diploma in Hospital Management w.e.f. the session 2011-12.
7. M.Phil. (Economics) (Semester System) w.e.f. the session 2010-11.
8. P.G. Diploma in Export Management w.e.f. the session 2011-12.
9. M.Phil. (Molecular Biology & Biochemistry) w.e.f. the session 2011-12.
10. M.Sc. (Bioinformatics) w.e.f. the session 2010-11.

(ਪੈਰਾ R)

8) ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾ ਦੀ ਪੁਸ਼ਟੀ ਕਰਨੀ ਜਿਸ ਰਾਹੀਂ ਉਨ੍ਹਾਂ ਨੇ ਸੈਸ਼ਨ 2011-12 ਤੋਂ ਅਜਿਹੇ ਐਡ ਆਨ ਕੋਰਸ ਬੰਦ ਕਰਨ ਦੀ ਪਰਵਾਨਗੀ ਦਿੱਤੀ ਹੈ, ਜਿਨ੍ਹਾਂ ਦੀ ਗਿਣਤੀ ਸਾਰੇ ਵਿਦਿਆਰਥੀਆਂ ਨੂੰ ਮਿਲਾ ਕੇ 25 ਨਾਲੋਂ ਘੱਟ ਬਣਦੀ ਹੋਵੇ।

(ਪੈਰਾ T)

**ਪਾਸ ਹੋਇਆ** ਕਿ ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 11.10.2010

ਦੀਆਂ ਉਕਤ ਸਿਫਾਰਸ਼ਾਂ ਪਰਵਾਨ ਕੀਤੀਆਂ ਜਾਂਦੀਆਂ ਹਨ।

**ਯੂਨੀਵਰਸਿਟੀ ਨਾਲ ਸਬੰਧਤ ਲਾਅ ਕਾਲਜਾਂ ਵਿਚ ਪ੍ਰਿੰਸੀਪਲਾਂ ਦੀ ਨਿਯੁਕਤੀ/ ਪੁਨਰ-ਨਿਯੁਕਤੀ 65 ਸਾਲ ਦੀ ਉਮਰ ਤੱਕ ਕਰਨ ਦੀ ਪਰਵਾਨਗੀ।**

52. ਇਸ ਯੂਨੀਵਰਸਿਟੀ ਨਾਲ ਸਬੰਧਤਾ ਪ੍ਰਾਪਤ ਲਾਅ ਕਾਲਜਾਂ ਵਿਚ ਰਿਟਾਇਰਡ ਪ੍ਰੋਫੈਸਰ/ ਐਸੋਸੀਏਟ ਪ੍ਰੋਫੈਸਰ ਦੀ ਪ੍ਰਿੰਸੀਪਲ ਵਜੋਂ ਕੰਟ੍ਰੈਕਟ ਅਧਾਰ ਤੇ ਨਿਯੁਕਤੀ/ ਪੁਨਰ-ਨਿਯੁਕਤੀ 65 ਸਾਲ ਦੀ ਉਮਰ ਤੱਕ ਕਰਨ ਤੇ ਵਿਚਾਰ ਹੋਈ ਕਿਉਂਜੋ ਯੋਗ ਪ੍ਰਿੰਸੀਪਲਾਂ ਦੀ ਘਾਟ ਕਾਰਣ ਇਨ੍ਹਾਂ ਕਾਲਜਾਂ ਲਈ ਅਜੇ ਤੱਕ ਰੈਗੂਲਰ ਪ੍ਰਿੰਸੀਪਲ ਨਿਯੁਕਤ ਨਹੀਂ ਹੋਏ।

ਹੇਠ ਲਿਖੇ ਨੋਟ ਤੇ ਵੀ ਵਿਚਾਰ ਹੋਈ:-

ਨੋਟ:- ਯੂਨੀਵਰਸਿਟੀ ਕੈਲੰਡਰ 2007, ਜਿਲਦ ਚੌਥੀ ਦੇ ਪੰਨਾ 27 ਤੇ ਦਰਜ ਆਰਡੀਨੈਂਸ 11.4 ਅਨੁਸਾਰ ਲਾਅ ਕਾਲਜਾਂ ਵਿਚ ਪ੍ਰਿੰਸੀਪਲ ਦੀ ਨਿਯੁਕਤੀ/ ਪੁਨਰ-ਨਿਯੁਕਤੀ 62 ਸਾਲ ਦੀ ਉਮਰ ਤੱਕ ਕੰਟ੍ਰੈਕਟ ਅਧਾਰ ਤੇ ਕਰਨ ਦੀ ਵਿਵਸਥਾ ਹੈ। ਪ੍ਰੰਤੂ ਲਾਅ ਕਾਲਜਾਂ ਲਈ ਯੋਗ ਪ੍ਰਿੰਸੀਪਲਾਂ ਦੀ ਘਾਟ ਕਾਰਣ ਪ੍ਰਿੰਸੀਪਲਾਂ ਦੀ ਨਿਯੁਕਤੀ/ ਪੁਨਰ-ਨਿਯੁਕਤੀ ਵਿਚ ਉਮਰ ਦਾ ਵਾਧਾ ਲੋੜੀਂਦਾ ਹੈ।

**ਪਾਸ ਹੋਇਆ** ਕਿ ਇਸ ਯੂਨੀਵਰਸਿਟੀ ਨਾਲ ਸਬੰਧਤਾ ਪ੍ਰਾਪਤ ਲਾਅ ਕਾਲਜਾਂ ਵਿਚ ਰਿਟਾਇਰਡ ਪ੍ਰੋਫੈਸਰ/ ਐਸੋਸੀਏਟ ਪ੍ਰੋਫੈਸਰ ਦੀ ਪ੍ਰਿੰਸੀਪਲ ਵਜੋਂ ਕੰਟ੍ਰੈਕਟ ਅਧਾਰ ਤੇ ਨਿਯੁਕਤੀ/ ਪੁਨਰ-ਨਿਯੁਕਤੀ 65 ਸਾਲ ਦੀ ਉਮਰ ਤੱਕ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ ਕਿਉਂਜੋ ਯੋਗ ਪ੍ਰਿੰਸੀਪਲਾਂ ਦੀ ਘਾਟ ਕਾਰਣ ਇਨ੍ਹਾਂ ਕਾਲਜਾਂ ਲਈ ਅਜੇ ਤੱਕ ਰੈਗੂਲਰ ਪ੍ਰਿੰਸੀਪਲ ਨਿਯੁਕਤ ਨਹੀਂ ਹੋਏ।

**ਖ਼ੀਦ ਪ੍ਰਣਾਲੀ ਵਿਚ ਸੁਧਾਰ ਹਿਤ ਕਮੇਟੀ ਦੀਆਂ ਸਿਫਾਰਸ਼ਾਂ ਦੀ ਪਰਵਾਨਗੀ।**

53. ਵਿਚਾਰ ਉਪਰੰਤ

**ਪਾਸ ਹੋਇਆ** ਕਿ ਖ਼ੀਦ ਪ੍ਰਣਾਲੀ ਵਿਚ ਸੁਧਾਰ ਹਿਤ ਵਾਈਸ-ਚਾਂਸਲਰ ਸਾਹਿਬ ਵਲੋਂ ਗਠਿਤ ਕਮੇਟੀ ਦੀਆਂ ਮਿਤੀ 6.10.2010 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

**ਪੜਤਾਲੀਆ ਅਫਸਰ ਨੂੰ 1000/- ਰੁਪਏ per sitting ਦੇ ਹਿਸਾਬ ਨਾਲ ਅਦਾਇਗੀ ਕਰਨ ਦੀ ਪਰਵਨਾਗੀ।**

54. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਹੋਈ ਕਿ ਇਸ ਯੂਨੀਵਰਸਿਟੀ ਵਿਖੇ ਵੱਖ-ਵੱਖ ਕੇਸਾਂ ਦੀ ਪੜਤਾਲ ਸਬੰਧੀ ਨਿਯੁਕਤ ਪੜਤਾਲੀਆ ਅਫਸਰਾਂ ਨੂੰ 1000/- ਰੁਪਏ per sitting ਪਰ ਘੱਟ ਤੋਂ ਘੱਟ 6,000/- ਰੁਪਏ ਦੇ ਹਿਸਾਬ ਨਾਲ ਅਦਾਇਗੀ ਕੀਤੀ ਜਾਵੇ।

**ਪਾਸ ਹੋਇਆ** ਕਿ ਇਸ ਯੂਨੀਵਰਸਿਟੀ ਵਿਖੇ ਵੱਖ-ਵੱਖ ਕੇਸਾਂ ਦੀ ਪੜਤਾਲ ਸਬੰਧੀ ਨਿਯੁਕਤ ਪੜਤਾਲੀਆ ਅਫਸਰਾਂ ਨੂੰ 1000/- ਰੁਪਏ per sitting ਪਰ ਘੱਟ ਤੋਂ ਘੱਟ 6,000/- ਰੁਪਏ ਅਤੇ ਵੱਧ ਤੋਂ ਵੱਧ 10000/- ਰੁਪਏ ਦੇ ਹਿਸਾਬ ਨਾਲ ਅਦਾਇਗੀ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਇਹ ਵੀ **ਪਾਸ ਹੋਇਆ** ਕਿ ਪੜਤਾਲੀਆ ਅਫਸਰ 6 ਮਹੀਨੇ ਦੇ ਵਿਚ-ਵਿਚ ਆਪਣੀ ਪੜਤਾਲੀਆ ਰਿਪੋਰਟ ਪੇਸ਼ ਕਰੇਗਾ।

**ਡਾ. ਪ੍ਰਬੋਧ ਕੇ. ਸਹਿਜਪਾਲ ਨੂੰ ਵਿਦੇਸ਼ ਵਿਖੇ ਕਾਨਫ੍ਰੰਸ ਵਿਚ ਭਾਗ ਲੈਣ ਲਈ ਵਿਤੀ ਸਹਾਇਤਾ ਦੀ ਪੁਸ਼ਟੀ।**

55. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਪ੍ਰਬੋਧ ਕੇ. ਸਹਿਜਪਾਲ, ਪ੍ਰੋਫੈਸਰ, ਮੋਲੀਕਿਊਲਰ ਬਿਆਲੋਜੀ ਤੇ ਬਾਇਓ-ਕੈਮਿਸਟਰੀ ਵਿਭਾਗ ਨੂੰ SAN JOSE, CA, USA ਵਿਖੇ ਮਿਤੀ 17-20 ਨਵੰਬਰ, 2010 ਨੂੰ ਹੋ ਰਹੀ "Association For Molecular Pathology 2010 Annual Meeting" ਵਿਚ ਭਾਗ ਲੈਣ ਲਈ ਖਰਚੇ ਦਾ 50% ਜਾਂ 40000/- ਰੁਪਏ, ਜੋ ਵੀ ਘੱਟ ਹੋਵੇ, ਯੂ.ਜੀ.ਸੀ. ਦੀ 16 Merged Schemes ਅਧੀਨ ਪ੍ਰਾਪਤ ਹੋਣ ਵਾਲੀ ਗ੍ਰਾਂਟ ਵਿਚੋਂ ਵਿਤੀ ਸਹਾਇਤਾ ਪਰਦਾਨ ਕੀਤੀ ਹੈ।

**ਸਬੰਧਤ ਉਮੀਦਵਾਰ ਨੂੰ ਪੀ.ਐਚ.ਡੀ. ਡਿਗਰੀ ਪਰਦਾਨ ਕਰਨ ਦੀ ਪਰਵਾਨਗੀ।**

56. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਉਮੀਦਵਾਰ ਨੂੰ, ਉਸ ਅੱਗੇ ਦਰਸਾਏ ਥੀਸਿਸ ਦੇ ਸਿਰਲੇਖ, ਵਿਸ਼ਾ 'ਤੇ ਫ਼ੈਕਲਟੀ ਅਨੁਸਾਰ, ਡਾਕਟਰ ਆਫ਼ ਫਿਲਾਸਫੀ ਦੀ ਡਿਗਰੀ ਪਰਦਾਨ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| ਕ੍ਰਮ ਨੰ: | ਨਾਮ | ਥੀਸਿਸ ਦਾ ਸਿਰਲੇਖ | ਵਿਸ਼ਾ ਤੇ ਫੈਕਲਟੀ |
|---|---|---|---|
| 1. | ਜਤਿੰਦਰ ਕੁਮਾਰ | Phase Transformation in Impurity Doped GeSbTe Chalcogenide Films | ਅਪਲਾਈਡ ਫਿਜਿਕਸ – ਅਪਲਾਈਡ ਸਾਇੰਸਜ਼ ਫ਼ੈਕਲਟੀ। |

**ਬੇਬੇ ਨਾਨਕੀ ਯੂਨੀਵਰਸਿਟੀ ਕਾਲਜ, ਮਿਠੜਾ ਦਾ ਸਾਲ 2010-11 ਦਾ ਬੱਜਟ ਪਰਵਾਨ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਗਏ।**

57. ਏਜੰਡਾ ਖਤਮ ਹੋਣ ਉਪਰੰਤ ਰਜਿਸਟਰਾਰ ਸਾਹਿਬ ਨੇ ਦੱਸਿਆ ਕਿ ਬੇਬੇ ਨਾਨਕੀ ਯੂਨੀਵਰਸਿਟੀ ਕਾਲਜ, ਮਿਠੜਾ ਦੇ ਸਾਲ 2010-11 ਦੇ ਬੱਜਟ ਸਬੰਧੀ ਕੇਸ ਪ੍ਰਾਪਤ ਹੋਇਆ ਹੈ। ਉਕਤ ਕਾਲਜ ਲਈ ਪੰਜਾਬ ਸਰਕਾਰ ਵੱਲੋਂ 95.72 ਲੱਖ ਰੁਪਏ ਦੀ ਗ੍ਰਾਂਟ ਪ੍ਰਾਪਤ ਹੋਈ ਹੈ। ਕਾਲਜ ਦੀ ਇਮਾਰਤ ਉਸਾਰੀ ਅਧੀਨ ਹੈ ਅਤੇ ਸੈਸ਼ਨ 2010-11 ਤੋਂ ਸਰਕਾਰੀ ਕਾਲਜ, ਕਪੂਰਥਲਾ ਵਿਖੇ ਕਲਾਸਾਂ ਲਗਾਈਆਂ ਜਾ ਰਹੀਆਂ ਹਨ। ਕਾਲਜ ਲਈ ਫਰਨੀਚਰ, ਕੰਪਿਊਟਰ ਅਤੇ ਹੋਰ ਲੋੜੀਂਦਾ ਸਮਾਨ ਖ੍ਰੀਦ ਕਰਨ ਤੋਂ ਇਲਾਵਾ ਸਟਾਫ ਨੂੰ ਅਦਾਇਗੀ ਵੀ ਕੀਤੀ ਜਾਣੀ ਹੈ। ਕਾਲਜ ਦਾ ਸਾਲ 2010-11 ਦਾ ਬੱਜਟ ਤਿਆਰ ਕੀਤਾ ਜਾ ਰਿਹਾ ਹੈ, ਜਿਸ ਦੀ ਸਿੰਡੀਕੇਟ ਦੁਆਰਾ ਪਰਵਾਨਗੀ ਲੋੜੀਂਦੀ ਹੈ।

ਵਿਚਾਰ ਉਪਰੰਤ **ਪਾਸ ਹੋਇਆ** ਕਿ ਬੇਬੇ ਨਾਨਕੀ ਕਾਲਜ, ਮਿਠੜਾ ਦਾ ਸਾਲ 2010-11 ਲਈ ਬੱਜਟ ਪਰਵਾਨ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਜਾਂਦੇ ਹਨ।

ਵਾਈਸ-ਚਾਂਸਲਰ ਸਾਹਿਬ ਨੇ ਕਿਹਾ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਆਯੋਜਿਤ ਯੂਥ ਫ਼ੈਸਟੀਵਲ ਵਿਚ ਜਿਹੜੇ ਵਿਦਿਆਰਥੀ ਹਿੱਸਾ ਲੈਂਦੇ ਹਨ, ਉਹ ਸਹੀ ਰੂਪ ਵਿਚ ਵਿਦਿਆਰਥੀ ਹੋਣੇ ਚਾਹੀਦੇ ਹਨ ਅਤੇ ਉਨ੍ਹਾਂ ਦੀ ਉਮਰ 25 ਸਾਲ ਤੋਂ ਘੱਟ ਹੋਣੀ ਚਾਹੀਦੀ ਹੈ। ਕੋਈ ਵੀ Professional ਇਸ ਵਿਚ ਹਿੱਸਾ ਨਾ ਲਵੇ। ਇਨ੍ਹਾਂ ਮੁਕਾਬਲਿਆਂ ਵਿਚ ਜੱਜ ਸਾਹਿਬਾਨ ਦੀ ਨਿਯੁਕਤੀ, ਉਨ੍ਹਾਂ ਦੇ Profile ਅਤੇ ਹੋਰ ਮਸਲਿਆਂ ਨੂੰ ਦਿਸ਼ਾ ਨਿਰਦੇਸ਼ ਦੇਣ ਲਈ ਵਾਈਸ-ਚਾਂਸਲਰ ਸਾਹਿਬ ਨੇ ਹੇਠ ਲਿਖੀ ਕਮੇਟੀ ਬਨਾਉਣ ਦਾ ਸੁਝਾਓ ਦਿੱਤਾ, ਜੋ ਆਪਣੀ ਰਿਪੋਰਟ ਇਕ ਮਹੀਨੇ ਵਿਚ ਦੇਵੇ:-

1. ਡਾਇਰੈਕਟਰ, ਯੂਥ ਵੈਲਫੇਅਰ
2. ਡਾ. ਪਰਮਿੰਦਰ ਸਿੰਘ, ਪ੍ਰੋਫੈਸਰ, ਅੰਗਰੇਜੀ ਵਿਭਾਗ

3. ਡਾ. ਗੁਰਦੀਪ ਸਿੰਘ, ਪ੍ਰਿੰਸੀਪਲ, ਸੇਵਾ ਦੇਵੀ ਐਸ.ਡੀ. ਕਾਲਜ, ਤਰਨ-ਤਾਰਨ

4. ਸ੍ਰੀਮਤੀ ਕਰਮਜੀਤ ਕੌਰ, ਪ੍ਰਿੰਸੀਪਲ, ਗੌਰਮਿੰਟ ਆਰਟਸ ਐਂਡ ਸਪੋਰਟਸ ਕਾਲਜ, ਜਲੰਧਰ

**ਸਿੰਡੀਕੇਟ ਵੱਲੋਂ ਉਕਤ ਅਨੁਸਾਰ ਪਰਵਾਨਗੀ ਦਿੱਤੀ ਗਈ।**

ਧੰਨਵਾਦ ਦੇ ਮਤੇ ਨਾਲ ਇੱਕਤਰਤਾ ਸਮਾਪਤ ਹੋਈ।

(ਇੰਦਰਜੀਤ ਸਿੰਘ)
ਰਜਿਸਟਰਾਰ

ਪੱਕੀ ਕੀਤੀ ਗਈ

(ਅ.ਸ. ਬਰਾੜ)
ਵਾਈਸ-ਚਾਂਸਲਰ